ੴ ਸਤਿਗੁਰ ਪ੍ਰਸਾਦਿ

# ਕੁਝ ਧਾਰਮਿਕ ਰਹੁ ਰੀਤਾਂ ਦੀ ਜਾਣਕਾਰੀ

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ

ਪਟਿਆਲਾ

ਤੀਜੀ ਵਾਰ ਅਗਸਤ 1996

੩੦੦੦ ਪ੍ਰਚਾਰ ਹਿਤ ਭੇਟਾ ਦੋ ਰੁਪਏ

# ਤਤਕਰਾ


1. ਗੁਰਦੁਆਰਾ 1
2. ਪਾਠ ਸਮੇਂ ਕੀਰਤਨ 3
3. ਅਖੰਡ ਪਾਠ ਤੇ ਭੋਗ 3
4. ਮੱਧ 5
5. ਰੁਮਾਲਾ 6
6. ਪ੍ਰੇਮ ਪਟੋਲਾ 6
7 ਚੌਰ ਝੁਲਾਉਣਾ 7
8. ਹੁਕਮ ਲੈਣਾ 7
9. ਕੜਾਹ ਪ੍ਰਸ਼ਾਦ 9
10. ਛੋਲਿਆਂ ਦਾ ਪ੍ਰਸ਼ਾਦ 10
11 ਪੂਰਨਮਾਸ਼ੀ-ਸੰਗਰਾਂਦ 11
12 ਗ੍ਰਹਿ ਪੂਜਾ 12
13 ਜੋਤਿਸ਼ 13
14 ਧਾਗਾ ਤਵੀਤ 13
15 ਅਨਮਤੀ ਕਰਮ ਕਾਂਡ 14
16 ਫੁੱਲਾਂ ਦੀ ਵਰਖਾ 14
17 ਘੁੰਡ 15
18 ਸਰਾਧਾਂ 'ਚ ਵਿਆਹ 16
19 ਅੰਮ੍ਰਿਤ ਦੀ ਮਹਾਨਤਾ 16
20 ਅੰਮ੍ਰਿਤਧਾਰੀ ਹੋ ਕੇ ਆਪਸ 'ਚ ਲੜਨਾ 17
21 ਸਿੱਖ ਸਿੱਖ 'ਚ ਅੰਤਰ 18
22 ਫਤਹਿ 18
23 ਅਰਦਾਸ 19
24 ਅਰਦਾਸ ਤੋਂ ਪਹਿਲਾਂ ਤੇ ਮਗਰੋਂ 22
25 ਦਸਵੰਧ 22
26 ਬਿਪ੍ਰਨ ਕੀ ਰੀਤ 24
27 ਤਨਖਾਹੀਆ 27
28 ਗੋਲਕ 29
29 ਖੇੜੇ ਦੀ ਪੂਜਾ 30
30 ਕ੍ਰਿਪਾਨ 30
31 ਸਿਰੋਪਾ 32
32 ਗੁਰਮਤਿ ਦੇ ਗਜ਼ਾਲੇ 32
33 ਵੱਧ ਸਰੂਪ 33
34 ਭਾਨ ਚੁਕਣਾ 33
35 ਪਾਠ ਕਰਨ ਸਮੇਂ 34
36 ਮੂਲ ਮੰਤਰ 34
37 ਪ੍ਰਕਾਸ਼ ਤੇ ਸੈਂਚੀਆਂ 35
38 ਹਜ਼ੂਰੀ 35
39 ਰਹਰਾਸਿ 36
40 ਸੋਹਿਲਾ 36
41 ਪੰਜ ਸੰਸਕਾਰ 36

ਕੁਝ ਧਾਰਮਿਕ ਰੂਹ ਰੀਤਾਂ ਦੀ

# ਜਾਣਕਾਰੀ

## ੧. ਗੁਰਦੁਆਰਾ

ਦੱਸ ਸਤਿਗੁਰਾਂ ਦੇ ਪਵਿਤਰ ਚਰਨਾਂ ਨੇ ਜਿਸ ਅਸਥਾਨ ਨੂੰ ਮਾਣ ਦਿਤਾ ਹੋਵੇ ਅਤੇ ਜਿਥੇ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਉਸ ਥਾਂ ਦਾ ਨਾਂ ਗੁਰਦੁਆਰਾ ਹੈ ।

ਪਹਿਲਾਂ ਇਸ ਥਾਂ ਦਾ ਨਾਂ 'ਧਰਮਸਾਲ' ਅਤੇ 'ਸੰਗਤ ਸਾਹਿਬ' ਵੀ ਹੁੰਦਾ ਸੀ । ਬਾਣੀ ਅਨੁਸਾਰ :-

*ਗੁਰਦੁਆਰੇ ਹਰਿ ਕੀਰਤਨ ਸੁਣੀਐ*
*ਸਤਗੁਰੁ ਭੇਟ ਹਰਿ ਜਸ ਮੁਖ ਭਣੀਐ*
*ਕਲਿ ਕਲੇਸ ਮਿਟਾਏ ਸਤਿਗੁਰੂ*
*ਹਰਿ ਦਰਗਹਿ ਦੇਵੈ ਮਾਨਾਂ ਹੇ ॥*

ਗੁਰਦੁਆਰੇ ਵਿਚ ਹਰਿ ਜਸ ਹੀ ਹੋਣਾ ਜ਼ਰੂਰੀ ਮੰਨਿਆ ਗਿਆ ਹੈ । ਗੁਰਦੁਆਰਿਆਂ ਵਿਚ ਕੀਤੇ ਜਾਂਦੇ ਸਿਆਸੀ ਤੇ ਪਾਰਟੀ ਪ੍ਰਚਾਰ, ਗੁਰਦੁਆਰੇ ਦੀ ਮਹਾਨਤਾ ਤੇ ਮਹੱਤਤਾ ਨੂੰ ਜਿਥੇ ਘਟਾਉਂਦੇ ਹਨ, ਉਥੇ ਇਸ ਪਵਿਤ੍ਰ ਅਸਥਾਨ ਅਤੇ ਪ੍ਰਤਖ ਗੁਰੂ,

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਨਿਰਾਦਰੀ ਹੈ, ਪਾਪ ਹੈ । ਇਸ ਲਈ ਸਿਆਸੀ ਜਾਂ ਪਾਰਟੀ ਪ੍ਰਚਾਰ ਵਾਲੀ ਥਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਿਲਕੁਲ ਨਹੀਂ ਹੋਣਾ ਚਾਹੀਦਾ ।

(ਅ) ਗੁਰਦੁਆਰੇ ਦਾ ਅਰਥ ਹੈ ਗੁਰੂ ਦਾ ਦਰ, ਗੁਰੂ ਦਾ ਘਰ । ਗੁਰੂ ਦਾ ਘਰ ਸਭ ਲਈ ਸਾਂਝਾ ਹੁੰਦਾ ਹੈ; ਇਸ ਲਈ ਗੁਰਦੁਆਰੇ ਨੂੰ ਕਿਸੇ ਜਾਤ-ਬਿਰਾਦਰੀ ਜਾਂ ਕਿਸੇ ਵਿਅਕਤੀ ਦੇ ਨਾਂ ਨਾਲ ਕਦੇ ਵੀ ਨਹੀਂ ਜੋੜਨਾ ਚਾਹੀਦਾ; ਜਿਵੇਂ- ਗੁਰਦੁਆਰਾ ਰਾਮਗੜ੍ਹੀਆਂ, ਗੁਰਦੁਆਰਾ ਰਾਮਦਾਸੀਆਂ, ਗੁਰਦੁਆਰਾ ਆਹਲੂਵਾਲੀਆਂ, ਗੁਰਦੁਆਰਾ...ਸਿੰਘ ਆਦਿ ।

ਇਸ ਤਰ੍ਹਾਂ ਕਰਨਾ ਜਿਥੇ ਕੌਮੀ ਏਕਤਾ ਵਿਚ ਤ੍ਰੇੜਾਂ ਪਾਉਣਾ ਹੈ, ਉਥੇ ਗੁਰੂ ਪਾਤਸ਼ਾਹ ਵਲੋਂ ਖਤਮ ਕੀਤੀ ਜਾਤ-ਬਿਰਾਦਰੀਆਂ ਦੀ ਵੰਡ ਨੂੰ ਮੁੜ ਸੁਰਜੀਤ ਕਰਨ ਦਾ ਪਾਪ ਕਮਾਉਣਾ ਹੈ; ਅਪਰਾਧ ਹੈ ।

(ੲ) ਗੁਰਦੁਆਰੇ ਵਿਚ ਪ੍ਰਧਾਨਗੀ ਗੁਰੂ ਜੀ ਦੀ ਹੁੰਦੀ ਹੈ ਤੇ ਇਹ ਗੁਰੂ, ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ । ਇਨ੍ਹਾਂ ਦੀ ਮੌਜੂਦਗੀ ਵਿਚ ਕਿਸੇ ਕਲਜੁਗੀ ਜੀਵ ਨੂੰ ਗੁਰਦੁਆਰੇ ਦਾ ਪ੍ਰਧਾਨ ਕਹਿਣਾ, ਪ੍ਰਧਾਨ ਬਣਨਾ ਜਾਂ ਬਣਾਉਣਾ ਨਿਰੀ ਮਨਮਤ ਹੈ ਅਤੇ ਗੁਰਮਤਿ ਅਸੂਲਾਂ ਦੇ ਬਿਲਕੁਲ ਉਲਟ ਹੈ । ਗੁਰਦੁਆਰੇ ਜਾਂ ਗੁਰੂ ਘਰ ਦੀ ਸੇਵਾ ਕਰਨ ਵਾਲਾ 'ਸੇਵਾਦਾਰ' ਤਾਂ ਹੋ ਸਕਦਾ ਹੈ, ਪ੍ਰਧਾਨ ਨਹੀਂ । ਗੁਰਦੁਆਰੇ ਦਾ ਪ੍ਰਬੰਧ ਪੰਜ 'ਅੰਮ੍ਰਿਤਧਾਰੀ ਗੁਰਮੁਖੀ ਜੀਵਨ ਜੀਊਣ ਵਾਲਿਆਂ ਦੀ ਅਗਵਾਈ ਵਿਚ ਹੋਣਾ ਚਾਹੀਦਾ ਹੈ ।

## ੨ ਪਾਠ ਸਮੇਂ ਕੀਰਤਨ

ਗੁਰਦੁਆਰਾ ਸਾਹਿਬ ਜਾਂ ਕਿਧਰੇ ਹੋਰ, ਇਕ ਥਾਂ ਇਕ ਸਮੇਂ ਇਕੋ ਹੀ ਗਲ ਹੋਣੀ ਚਾਹੀਦੀ ਹੈ । ਪਾਠ ਜਾਂ ਕੀਰਤਨ ਜਾਂ ਕਥਾ । ਜੇ ਇਕੋ ਸਮੇਂ ਪਾਠੀ ਪਾਠ ਕਰੇਗਾ ਅਤੇ ਕੀਰਤਨੀਏ ਸਿੰਘ ਕੀਰਤਨ ਕਰਨਗੇ ਤਾਂ ਦੋਹਾਂ ਦੀ ਆਵਾਜ਼ ਰਲ ਗੱਡ ਹੋ ਜਾਵੇਗੀ ਅਤੇ ਕੁਝ ਵੀ ਪੱਲੇ ਨਹੀਂ ਪਵੇਗਾ । ਜੇ ਪਾਠੀ ਬੋਲ ਕੇ ਪਾਠ ਨਹੀਂ ਕਰੇਗਾ ਤਾਂ ਉਸ ਦੀ ਬਿਰਤੀ ਕੀਰਤਨ ਦੀ ਆਵਾਜ਼ ਵਿਚ ਚਲੀ ਜਾਵੇਗੀ ਅਤੇ ਪਾਠ ਵਲੋਂ ਧਿਆਨ ਉਖੜ ਜਾਵੇਗਾ । ਯਾਦ ਰਹੇ ਕਿ ਅਸੀਂ ਪਾਠ ਜਾਂ ਕੀਰਤਨ ਰਸਮ ਪੂਰਤੀ ਲਈ ਨਹੀਂ ਕਰਨਾ ਹੁੰਦਾ ਸਗੋਂ ਆਤਿਮਕ ਅਨੰਦ ਅਤੇ ਯੋਗ ਅਗਵਾਈ ਲੈਣ ਲਈ ਕਰਨਾ ਸੁਣਨਾ ਹੁੰਦਾ ਹੈ । ਇਸ ਲਈ ਇਕ ਸਮੇਂ ਇਕ ਥਾਂ ਤੇ ਇਕੋ ਹੀ ਚੀਜ਼, ਪਾਠ ਕੀਰਤਨ ਜਾਂ ਕਥਾ ਹੀ ਹੋਣੀ ਚਾਹੀਦੀ ਹੈ । ਕੀਰਤਨ ਕਰਨ ਵਾਲਿਆਂ ਲਈ ਸਟੇਜ ਦਾ ਮੂੰਹ ਵੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਂਗ ਸੱਜੇ ਪਾਸੇ ਵਲ ਹੋਣਾ ਚਾਹੀਦਾ ਹੈ । ਵੇਖੋ ਟ੍ਰੈਕਟ ਕੀਰਤਨ ਕਿਸ ਲਈ ? ਨੰ: ੬੧

## ੩. ਅਖੰਡ ਪਾਠ ਤੇ ਭੋਗ

ਅਖੰਡ ਪਾਠ ਦੀ ਮਰਿਯਾਦਾ ਵਿਚ ਸਾਫ਼ ਲਿਖਿਆ ਹੋਇਆ ਹੈ ਕਿ ਬਾਣੀ ਪ੍ਰੇਮ ਨਾਲ, ਮੂਹੋਂ ਬੋਲ ਕੇ, ਸਤਿਕਾਰ ਨਾਲ ਪੜ੍ਹਨੀ

ਹੈ, ਜੋ ਸੁਣਨ ਵਾਲੇ ਨੂੰ ਚੰਗੀ ਤਰ੍ਹਾਂ ਸਮਝ ਆ ਸਕੇ । ਸਮਾਂ ਭਾਵੇਂ ਵਧ ਲੱਗੇ (ਇਹ ਜ਼ਰੂਰੀ ਨਹੀਂ ਕਿ ਅਖੰਡ ਪਾਠ ਦਾ ਭੋਗ ੪੭-੪੮ ਘੰਟਿਆਂ ਵਿਚ ਹੀ ਪਵੇ) । ਸਮੇਂ ਦੀ ਮਹਾਨਤਾ ਨਹੀਂ ਸਗੋਂ ਗੁਰਬਾਣੀ ਪੜ੍ਹਨ ਅਤੇ ਸਮਝ ਸਮਝਾ ਸਕਣ ਦੀ ਮਹਾਨਤਾ ਹੈ । (ਚੁੱਪ ਗੜੁੱਪ ਪਾਠ, ਨਜ਼ਰਾਂ ਫੇਰਨ ਵਾਲਾ ਪਾਠ, ਕਾਹਲੀ ਕਾਹਲੀ ਦਾ ਪਾਠ, ਸਪੀਡਾਂ ਚਕਣ ਵਾਲਾ ਤੇ ਫਰੰਟੀਅਰ ਮੇਲ ਪਾਠ, ਸਿੱਖ ਮਰਿਯਾਦਾ ਅਨੁਸਾਰ ਪ੍ਰਵਾਨ ਨਹੀਂ । ਐਸਾ ਕਰਨਾ ਪਾਠ ਦੀ ਨਿਰਾਦਰੀ ਹੈ, ਬੇ ਅਦਬੀ ਹੈ ।

ਅਸੀਂ ਕਈ ਵਾਰ ਵੇਖਦੇ ਹਾਂ ਕਿ ਜਦੋਂ ਭੋਗ ਪਾਉਣਾ ਹੋਵੇ ਅਤੇ ਪਾਠ ਜ਼ਿਆਦਾ ਰਹਿੰਦਾ ਹੋਵੇ ਤਾਂ ਪਾਠੀ ਸਜਣ ਤੇਜ਼ ਤੇਜ਼ ਪਾਠ ਕਰਦਾ ਹੈ ਜਿਸਦੀ ਨਾ ਸਮਝ ਆਉਂਦੀ ਹੈ ਨਾ ਉਚਾਰਨ ਦਾ ਪਤਾ ਲਗਦਾ ਹੈ । ਐਸੇ ਪਾਠ ਦਾ ਕੋਈ ਲਾਭ ਨਹੀਂ । ਸੋ ਪਾਠ ਰਖਵਾਉਣ ਵਾਲਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ । ਪ੍ਰਵਾਣਤ ਰਹਿਤ ਮਰਿਯਾਦਾ ਵਿਚ ਸਪਸ਼ਟ ਲਿਖਿਆ ਹੋਇਆ ਹੈ ਕਿ ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸਬੰਧੀ, ਮਿੱਤਰ ਆਦਿ ਮਿਲ ਕੇ ਕਰਨ । ਪਾਠੀਆਂ ਦੀ ਗਿਣਤੀ ਮੁਕਰੱਰ ਨਹੀਂ ।

ਜੇ ਕੋਈ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨ ਹੋਵੇ ਕਿ ਪਾਠੀ ਆਪ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਘਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ (ਭਾਵ ਕਿਸੇ ਨ ਕਿਸੇ ਨੂੰ ਪਾਠ ਵੇਲੇ ਹਾਜ਼ਰ ਹੋ ਕੇ ਸੁਣਨਾ ਚਾਹੀਦਾ ਹੈ ) ਸਿੱਖ ਰਹਿਤ ਮਰਿਯਾਦਾ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਕਿਸੇ ਪਾਠ ਵੇਲੇ ਵੀ

ਕੁੰਭ, ਜੋਤ, ਨਲੀਏਰ ਆਦਿ ਰਖਣਾ ਜਾਂ ਅਖੰਡ ਪਾਠ ਦੇ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਜਾਂ ਸ਼ਬਦ ਦਾ ਪਾਠ (ਸੰਪਟ) ਜਾਰੀ ਰਖਣਾ ਮਨਮਤ ਹੈ ।

ਭੋਗ ਬਾਰੇ ਲਿਖਿਆ ਹੋਇਆ ਹੈ ਕਿ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਰੀਤੀ ਅਨੁਸਾਰ ਪਾਇਆ ਜਾਏ । ਇਸ ਉਪਰੰਤ ਅਨੰਦ ਸਾਹਿਬ ਦਾ (6 ਪੌੜੀਆ) ਪਾਠ ਕਰਕੇ ਭੋਗ ਦੀ ਅਰਦਾਸ ਕੀਤੀ ਜਾਵੇ ।

ਇਸ ਤਰ੍ਹਾਂ ਜੋ ਲੋਕ ਪਾਠ ਦਾ ਭੋਗ ਪਾ ਕੇ ਫਿਰ ਨਾਲ ਲਗਦੇ ਹੀ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਜਾਂ ਪੂਰਾ ਜਪੁਜੀ ਸਾਹਿਬ ਪੜ੍ਹਦੇ ਹਨ ਉਹ ਆਪਣੀ ਮਨਮਤ ਕਰਦੇ ਹਨ । ਜੋ ਨਹੀਂ ਕਰਨੀ ਚਾਹੀਦੀ । ਹਾਂ, ਜੇ ਹੋਰ ਪਾਠ ਰਖਣਾ ਹੋਵੇ ਤਾਂ ਉਸ ਦੀ ਆਰੰਭਤਾ ਅਰਦਾਸ ਦੇ ਮਗਰੋਂ ਹੋਣੀ ਚਾਹੀਦੀ ਹੈ ਨਾ ਕਿ ਪਹਿਲਾਂ ।

## ੪. ਮੱਧ

"ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ" ਦੀ ਤੁਕ ਆਉਣ ਤੇ ਮੱਧ ਜਾਣ ਕੇ ਜਾਂ ਮੱਧ ਕਹਿ ਕੇ ਅਰਦਾਸ ਕਰਨੀ ਕਿਥੋਂ ਤਕ ਠੀਕ ਹੈ ਜਦ ਕਿ ਇਥੇ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਮੱਧ ਨਹੀਂ ਹੈ । ਗੁਰੂ ਗ੍ਰੰਥ ਸਾਹਿਬ ਦੇ ਕੁਲ ਪੰਨੇ ੧੪੩੦ ਹਨ ਅਤੇ ਇਹ ਜੈਤਸਰੀ ਰਾਗ ਦਾ ਸਲੋਕ ਪੰਨਾ ੭੦੫ ਉਤੇ ਦਰਜ ਹੈ ।

## ੫. ਰੁਮਾਲਾ

ਪਾਠ ਦੇ ਭੋਗ ਸਮੇਂ ਇਹ ਜ਼ਰੂਰੀ ਨਹੀਂ ਕਿ ਰੁਮਾਲਾ ਹੀ ਚੜ੍ਹਾਇਆ ਜਾਏ, ਸਗੋਂ ਲੋੜ ਅਨੁਸਾਰ ਚੰਦੋਆ (ਚਾਣਨੀ) ਚੌਰ, ਚਾਦਰ, ਦਰੀ ਆਦਿ ਵੀ ਭੇਟਾ ਕੀਤੇ ਜਾ ਸਕਣ ਬਾਰੇ ਸਿੱਖ ਰਹਿਤ ਮਰਿਯਾਦਾ ਵਿਚ ਲਿਖਿਆ ਹੋਇਆ ਹੈ ।

ਜੇ ਰੁਮਾਲਾ ਹੀ ਚੜ੍ਹਾਉਣਾ ਹੈ ਤਾਂ ਉਸ ਉਪਰ ਕਿਸੇ ਅਨਮਤ ਦਾ ਕੋਈ ਚਿੰਨ੍ਹ ਉਲੀਕਿਆ, ਕਢਵਾਇਆ ਜਾਂ ਛਪਵਾਇਆ ਨਹੀਂ ਹੋਣਾ ਚਾਹੀਦਾ । ਐਸਾ ਰੁਮਾਲਾ ਜਿਸ ਉਪਰ ਕਿਸੇ ਵਿਅਕਤੀ ਜਾਂ ਕਿਸੇ ਸੰਸਥਾ ਆਦਿ ਦਾ ਨਾਂ ਹੋਵੇ, ਨਹੀਂ ਚੜ੍ਹਾਇਆ ਜਾ ਸਕਦਾ ।

ਮਨੋਕਲਪਿਤ ਗੁਰ ਤਸਵੀਰਾਂ ਵਾਲੇ ਰੁਮਾਲੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਸ਼ੋਭਾ ਨਹੀਂ ਦੇਂਦੇ ।

## ੬. ਪ੍ਰੇਮ ਪਟੋਲਾ

"ਪਰੇਮ ਪਟੋਲਾ ਤੈ ਸਹਿ ਦਿਤਾ" ਵਾਲੇ ਸਲੋਕ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਰੁਮਾਲਾ ਚੜ੍ਹਾਉਣ ਨਾਲ ਕੋਈ ਸਬੰਧ ਨਹੀਂ । ਇਸ ਲਈ ਰੁਮਾਲਾ ਚੜ੍ਹਾਉਣ ਸਮੇਂ ਇਹ ਸਲੋਕ ਨਹੀਂ ਪੜ੍ਹਨਾ ਚਾਹੀਦਾ । ਕਿਉਂਕਿ ਇਸ ਤਰ੍ਹਾਂ ਕਰਨ ਨਾਲ ਸਿਧੇ-ਸਾਦੇ ਲੋਕਾਂ ਵਿਚ ਗ਼ਲਤ ਖ਼ਿਆਲ ਪੈਦਾ ਕਰਕੇ ਮਨਮਤ ਦੇ ਫੈਲਣ ਦਾ ਡਰ ਹੈ । ਇਸ ਬਾਰੇ ਵਿਸਥਾਰ ਲਈ ਟ੍ਰੈਕਟ 'ਟੇਕ' ਪੜ੍ਹੋ ।

## ੭. ਚੌਰ ਝੁਲਾਉਣਾ

ਚੌਰ ਝੁਲਾਉਣ ਵਾਲਾ ਸਤਿਕਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਹੀ ਰਾਖਵਾਂ ਹੈ । ਕਿਸੇ ਬੰਦੇ ਉਪਰ ਚੌਰ ਨਹੀਂ ਝੁਲਾਇਆ ਜਾ ਸਕਦਾ । ਮ੍ਰਿਤਕ ਪ੍ਰਾਣੀ ਦੇ ਪਿਛੇ ਚੌਰ ਝੁਲਾਉਣ ਵਾਲੇ ਉਸਦਾ ਸਤਿਕਾਰ ਨਹੀਂ ਕਰਦੇ ਸਗੋਂ ਆਪਣੀ ਅਗਿਆਨਤਾ ਦਾ ਹੀ ਪ੍ਰਗਟਾਵਾ ਕਰਦੇ ਹਨ ।

ਚੌਰ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਝੁਲਾਉਣਾ ਹੈ ਨਾ ਕਿ ਤਾਬਿਆ ਬੈਠੇ ਸਿੰਘ ਦੇ ਉਪਰ ।

## ੮. ਵਾਕ (ਹੁਕਮ) ਲੈਣਾ

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਲਈ ਸਭ ਤੋਂ ਪਹਿਲਾਂ ਹੱਥ ਪੈਰ ਸਾਫ਼ ਕਰਕੇ, ਸ਼ਰਧਾ ਅਤੇ ਪ੍ਰੇਮ ਨਾਲ ਗੁਰੂ ਸਾਹਿਬ ਦੀ ਤਾਬਿਆ ਸਿੰਘ, ਸਜ ਜਾਏ । ਫਿਰ ਪ੍ਰੇਮ ਨਾਲ ਮੂਲ ਮੰਤਰ ਦਾ ਪਾਠ ਕਰੇ । ਉਪਰੰਤ ਗੁਰੂ ਉਪਮਾ ਜਾਂ ਗੁਰੂ ਅਗੇ ਬੇਨਤੀ ਦਾ ਕੋਈ ਇਕ ਸਲੋਕ ਜਾਂ ਸ਼ਬਦ ਮੰਗਲਾ ਚਰਨ ਵਜੋਂ ਪੜ੍ਹੇ । ਜਿਵੇਂ :-

*ਧੰਨ ਸੁ ਵੇਲਾ, ਘੜੀ ਧੰਨ*
*ਧਨੁ ਮੂਰਤੁ ਪਲੁ ਸਾਰੁ ॥*
*ਧੰਨੁ ਸੁ ਦਿਨਸੁ ਸੰਜੋਗੜਾ*
*ਜਿਤੁ ਡਿਠਾ ਗੁਰ ਦਰਸਾਰ ॥੫*

ਉਪ੍ਰੰਤ ਅਦਬ ਨਾਲ ਸਹਿਜੇ ਸਹਿਜੇ ਰੁਮਾਲਾ ਚੁੱਕ ਕੇ ਹੁਕਮ

ਲੈਣ ਲਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਉਂ ਪਹਿਲਾ ਸ਼ਬਦ ਜੋ ਜਾਰੀ ਹੈ ਪੜ੍ਹਨਾ ਚਾਹੀਦਾ ਹੈ । ਉਸ ਸ਼ਬਦ ਦਾ ਜੇ ਆਰੰਭ ਪਿਛਲੇ ਪੰਨੇ ਤੋਂ ਹੁੰਦਾ ਹੈ ਤਾਂ ਪਤਰਾ ਪਰਤ ਕੇ ਪੜ੍ਹਣਾ ਸ਼ੁਰੂ ਕਰਨਾ ਲੋੜੀਏ ਅਤੇ ਸਾਰਾ ਸ਼ਬਦ ਪੜ੍ਹਨਾ ਚਾਹੀਦਾ ਹੈ । ਜੇ 'ਵਾਰ' ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਵੀ ਪੜ੍ਹਨੀ ਚਾਹੀਦੀ । ਭਾਵੇਂ ਅਸ਼ਟਪਦੀ ਹੋਵੇ ਭਾਵੇਂ ਛੰਤ, ਸੋਲਹੇ, ਜਿਥੇ ਸ਼ਬਦ ਦੇ ਅੰਤ ਵਿਚ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ । ਜੇ 'ਵਾਕ' ਭਗਤ ਬਾਣੀ ਵਿਚੋਂ ਆ ਜਾਵੇ ਤਾਂ ਸ਼ਬਦ ਦੇ ਅੰਤ ਵਿਚ ਜਿਥੇ 'ਭਗਤ' ਦਾ ਨਾਮ ਆਵੇ ਉਥੋਂ ਤਕ ਪੜ੍ਹਣਾ ਹੁੰਦਾ ਹੈ ।

ਵਾਕ (ਹੁਕਮ) ਸਵੇਰ ਸਮੇਂ ਹੋਰ ਥਾਂ ਤੋਂ ਦੁਪਹਿਰ ਅਤੇ ਸ਼ਾਮ ਨੂੰ ਹੋਰ ਹੋਰ ਥਾਂ ਤੋਂ ਜਾਂ ਹੋਰ ਤਰੀਕੇ ਨਾਲ ਲੈਣਾ ਮਨਮਤ ਹੈ । ਕਿਸੇ ਵਾਕ ਨੂੰ ਕਰੜਾ ਕਹਿ ਕੇ ਅਰਦਾਸ ਕਰਕੇ ਗੁਰੂ ਮਹਾਰਾਜ ਨੂੰ ਹੋਰ ਹੁਕਮ ਦੇਣ ਲਈ ਕਹਿਣਾ ਅਤੇ ਪਹਿਲਾ ਵਾਕ ਵਾਪਸ ਕਰਨ ਲਈ ਕਹਿਣਾ ਸਿੱਖ ਰਹਿਤ ਮਰਿਯਾਦਾ ਅਨੁਸਾਰ ਬਿਲਕੁਲ ਗ਼ਲਤ ਹੈ ਅਤੇ ਗੁਰਬਾਣੀ ਦੀ ਨਿਰਾਦਰੀ ਹੈ ।

ਹੁਕਮ (ਵਾਕ) ਸਮੇਂ ਕਿਸੇ ਹੋਰ ਵਿਅਕਤੀ ਨੂੰ ਨਾਲ ਬਿਲਕੁਲ ਨਹੀਂ ਪੜ੍ਹਨਾ ਚਾਹੀਦਾ । ਭਾਵੇਂ ਸਾਰਾ ਸ਼ਬਦ ਜ਼ਬਾਨੀ ਹੀ ਕੰਠ ਕਿਉਂ ਨਾ ਹੋਵੇ । ਕਿਉਂਕਿ ਹੁਕਮ ਸੁਣ ਕੇ ਸਮਝਣ ਅਤੇ ਮੰਨਣ ਲਈ ਹੀ ਹੁੰਦਾ ਹੈ । ਦੋਹਾਂ ਪਾਸਿਆਂ ਤੋਂ ਪੰਨੇ ਉਪਰ ਕਰਕੇ ਫਿਰ ਉਸ ਵਿਚੋਂ ਨਿਖੇੜ ਕੇ ਵਾਕ ਲੈਣ ਦਾ ਢੰਗ ਠੀਕ ਨਹੀਂ ਹੈ । ਇਸ ਨੂੰ 'ਫਾਲ ਪਾਉਣੀ' ਕਿਹਾ ਜਾਂਦਾ ਹੈ ਅਤੇ ਇਹ ਮੁਸਲਮਾਨੀ ਢੰਗ ਹੈ ।

## ੯. ਕੜਾਹ ਪ੍ਰਸ਼ਾਦ (ਦੇਗ਼)

ਕੜਾਹ ਪ੍ਰਸ਼ਾਦ ਮਰਿਆਦਾ ਅਨੁਸਾਰ ਤ੍ਰਿਭਾਵਲ (ਆਟਾ ਉਤਮ ਮਿਠਾ ਤੇ ਘੀ ਇਕੋ ਜਿਹੇ, ਭਾਵ ਬਰਾਬਰ ਦੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ । ਫਿਰ ਸੁਅੱਛ ਭਾਂਡੇ ਵਿਚ, ਸੁਅੱਛ ਬਸਤਰ ਨਾਲ ਢੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸੁਅੱਛ ਚੌਂਕੀ ਉਪਰ ਰਖਿਆ ਜਾਏ ।

(ਯਾਦ ਰਵੇ 'ਡਾਲਡਾ ਘੀ ਨਹੀਂ ਹੁੰਦਾ । ਡਾਲਡੇ ਦੇ ਡੱਬਿਆਂ ਉਤੇ ਸਾਫ਼ ਲਿਖਿਆ ਹੁੰਦਾ ਹੈ ਕਿ ਮੂੰਗਫਲੀ ਅਤੇ ਤਿਲੋਂ ਕਾ ਜਮਾਇਆ ਹੂਆ ਤੇਲ । ਜੰਮਿਆ ਹੋਇਆ ਤੇਲ ਘੀ ਨਹੀਂ ਹੋ ਸਕਦਾ । ਇਸ ਲਈ ਦੇਗ਼ ਭਾਵੇਂ ਥੁਹੜੀ ਹੋਵੇ ਪਰ ਹੋਵੇ ਦੇਸੀ ਘੀ ਦੀ ਅਤੇ ਮਰਿਯਾਦਾ ਨਾਲ ਤਿਆਰ ਕੀਤੀ ਹੀ ਪਰਵਾਨ ਹੈ)

੨. ਮਰਿਯਾਦਾ ਅਨੁਸਾਰ ਅਰਦਾਸਾ ਸੋਧ ਹੁਕਮ ਲੈ ਕੇ ਮਗਰੋਂ ਪ੍ਰਵਾਨਗੀ ਵਜੋਂ ਦੇਗ ਵਿਚ ਕਿਰਪਾਨ ਭੇਟ ਹੋਣੀ ਚਾਹੀਦੀ ਹੈ । (ਅਰਦਾਸ ਦੇ ਵਿਚਕਾਰ ਨਹੀਂ)

੩. ਦੇਗ਼ ਵਰਤਾਉਣ ਸਮੇਂ ਪਹਿਲਾਂ ਪੰਜ ਪਿਆਰਿਆਂ ਦਾ ਗੱਫ਼ਾ ਕਢ ਕੇ ਵਰਤਾਇਆ ਜਾਵੇ । ਉਪਰੰਤ ਸੰਗਤ 'ਚ ਵਰਤਾਉਣ ਲਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕਟੋਰੇ ਜਾਂ ਗੱਫ਼ਾ ਕੌਲ ਵਿਚ ਪਾ ਕੇ ਦੇਵੋ ਤਾਂ ਜੁ ਉਹ ਚੌਰ ਦੀ ਸੇਵਾ ਕਰਦਾ ਰਹਿ ਸਕੇ । ਸਤਿਕਾਰ ਵਜੋਂ ਕੀਰਤਨ ਕਰਨ ਵਾਲਿਆਂ

ਨੂੰ ਦੇ ਕੇ ਕਿਸੇ ਵਿਤਕਰੇ ਦੇ, ਸਭ ਛੋਟੇ ਵਡੇ ਨੂੰ ਇਕੋ ਜਿਹਾ ਵੰਡਿਆ ਜਾਏ । ਤਾਬਿਆ ਬੈਠੇ ਸਿੰਘ ਲਈ ਦੂਹਰਾ ਹਿੱਸਾ ਰਖਣਾ ਵੀ ਵਿਤਕਰਾ ਹੈ ਅਤੇ ਮਰਿਯਾਦਾ ਅਨੁਸਾਰ ਅਯੋਗ ਹੈ ।

ਯਾਦ ਹੋਵੇ ਕਿ ਕੜਾਹ ਪ੍ਰਸ਼ਾਦ ਜਾਂ ਗੁਰੂ ਕਾ ਲੰਗਰ ਤਿਆਰ ਕਰਨ ਸਮੇਂ ਗੋਹੇ ਦਾ ਚੌਂਕਾ ਨਹੀਂ ਦਿਤਾ ਜਾ ਸਕਦਾ ਅਤੇ ਨਾ ਹੀ ਗੋਹੇ ਦੀਆਂ ਪਾਥੀਆਂ ਬਾਲਣੀਆਂ ਚਾਹੀਦੀਆਂ ਹਨ । ਕਿਉਂਕਿ ਸਿੱਖ ਧਰਮ ਵਿੱਚ ਗੋਬਰ, ਗੋ ਮੂਤ੍ਰ ਨੂੰ ਪਵਿਤ੍ਰ ਵਸਤੂ ਨਹੀਂ ਮੰਨਿਆ ਗਿਆ; ਸਗੋਂ ਘ੍ਰਿਣਤ ਵਸਤੂ ਮੰਨਿਆ ਗਿਆ ਹੈ । ਭਾ: ਚੋਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ :-

*ਲੰਗਰ ਮੇ ਨ ਗੋਹਾ ਬਾਲੇ*
*ਨਾ ਗੋਹੇ ਕਾ ਚੌਂਕਾ ਦੇਵੇ ॥*

ਇਸੇ ਕਰਕੇ ਗੋਬਰ ਦੇ ਚੌਕੇ ਉਤੇ ਗੋਬਰ ਬਾਲ ਕੇ ਤਿਆਰ ਕੀਤੇ ਪ੍ਰਸ਼ਾਦ ਦੀ ਅਰਦਾਸ ਗੁਰਦੁਆਰੇ 'ਚ ਨਹੀਂ ਹੋਸਕਦੀ । (ਭਾ. ਚੋਪਾ ਸਿੰਘ ਜੀ ਦਸਮ ਪਾਤਸ਼ਾਹ ਦੇ ਖਿਡਾਵੇ ਅਤੇ ਨਿਕਟਵਰਤੀ ਸਿੰਘ ਸਨ)

## ੧੦. ਛੋਲਿਆਂ ਦਾ ਪ੍ਰਸ਼ਾਦ

ਸਾਡੇ ਦੇਸ਼ ਵਿਚ ਸ਼ਨੀ ਦੇਵਤੇ ਦੇ ਨਾਮ ਤੇ ਕਈ ਵਹਿਮ ਭਰਮ ਪਏ ਹੋਏ ਹਨ । ਇਨ੍ਹਾਂ ਵਹਿਮਾਂ ਭਰਮਾਂ ਦਾ ਪ੍ਰਭਾਵ ਦੇਖਾ ਦੇਖੀ ਕਚੇ ਪਿਲੇ ਸਿੱਖਾਂ ਉਤੇ ਵੀ ਪਿਆ ਹੈ । ਉਸ ਦਾ ਇਕ ਪ੍ਰਗਟਾਵਾ ਸ਼ਨਿਚਰ ਵਾਰ ਵਾਲੇ ਦਿਨ ਉਚੇਚੇ ਤੌਰ ਤੇ ਤਿਆਰ ਕਰਕੇ ਲਿਆਂਦਾ ਛੋਲਿਆਂ ਦਾ ਪ੍ਰਸ਼ਾਦ ਕਈ ਗੁਰਦੁਆਰਿਆਂ

ਵਿਚ ਵਰਤਾਇਆ ਜਾਂਦਾ ਵੇਖਿਆ ਗਿਆ ਹੈ । ਕਈ ਸਿੱਖ ਸ਼ਨੀ ਦੇਵਤੇ ਦੇ ਵਹਿਮ ਹੇਠ ਭਾਵੇਂ ਨਹੀਂ ਪਰ ਦੇਖਾ ਦੇਖੀ ਇਹ ਕਰਨ ਲੱਗ ਪਏ ਹਨ । ਕੁਝ ਵੀ ਹੋਵੇ, 'ਸਿੱਖ ਰਹਿਤ ਮਰਿਯਾਦਾ' ਅਤੇ ਗੁਰਬਾਣੀ ਕਦੀ ਵੀ ਇਹ ਆਗਿਆ ਨਹੀਂ ਦੇਂਦੀ ਕਿ ਸਿੱਖ ਕੌਮ, ਜਾਣੇ ਜਾਂ ਅਣਜਾਣੇ ਕਿਸੇ ਭੁਲੇਖੇ ਜਾਂ ਵਹਿਮ ਦਾ ਸ਼ਿਕਾਰ ਹੋਵੇ ।

ਸੋ ਗੁਰਸਿੱਖਾਂ ਨੂੰ ਛੋਲਿਆਂ ਦੇ ਪ੍ਰਸ਼ਾਦ ਦੀ ਥਾਂ ਕੜਾਹ ਪ੍ਰਸ਼ਾਦ ਦੀ ਦੇਗ ਹੀ ਮਰਿਯਾਦਾ ਅਨੁਸਾਰ ਤਿਆਰ ਕਰ ਕੇ ਗੁਰਦੁਆਰੇ ਲਿਜਾਣੀ ਚਾਹੀਦੀ ਹੈ । ਸਿੱਖ ਧਰਮ ਵਿਚ ਸਭ ਦਿਨ ਵਾਰ ਇਕੋ ਜਿਹੇ ਹਨ । ਕੋਈ ਦਿਨ ਮਾੜਾ ਜਾਂ ਚੰਗਾ ਨਹੀਂ, ਇਸ ਲਈ ਕਿਸੇ ਦਿਨ ਨੂੰ ਸ਼ੁਭ ਕਿਸੇ ਨੂੰ ਅਸ਼ੁਭ ਮੰਨਣਾ ਸਿੱਖੀ ਅਸੂਲਾਂ ਤੋਂ ਉਲਟ ਹੈ ।

## ੧੧ ਪੂਰਨਮਾਸ਼ੀ, ਮੱਸਿਆ ਤੇ ਸੰਗਰਾਂਦ

ਮੱਸਿਆ ਅਤੇ ਪੂਰਨਮਾਸ਼ੀ ਦਾ ਸਬੰਧ ਚੰਦ ਨਾਲ ਹੈ । ਸੰਗਰਾਂਦ ਦਾ ਸਬੰਧ ਸੂਰਜ ਨਾਲ ਹੈ । ਜਦ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਜਾਂਦਾ ਹੈ ਤਾਂ ਸ਼ੰਕ੍ਰਾਂਤ ਕਹਿੰਦੇ ਹਨ ਤੇ ਸ਼ੁਭ ਘੜੀ ਜਾਣ ਕੇ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ ।

ਸਿੱਖ ਇਕ ਅਕਾਲ ਪੁਰਖ 'ਨਿਰਭਉ' ਦਾ ਪੁਜਾਰੀ ਹੈ ਜਦੋਂ ਕਿ ਸੂਰਜ ਚੰਦਰਮਾ ਸਿਤਾਰੇ ਸਭ ਉਸ ਪ੍ਰਭੂ ਦੇ ਭੈ ਵਿਚ ਹਨ । "ਭੈ ਵਿਚਿ ਸੂਰਜ ਭੈ ਵਿਚ ਚੰਦ ।" ਸਿੱਖ ਕਿਉਂਕਿ ਸੂਰਜ ਤੇ ਚੰਦ੍ਰਮਾ ਦਾ ਪੁਜਾਰੀ ਨਹੀਂ ਇਸ ਲਈ ਸਿੱਖ ਦਾ ਸਬੰਧ ਮੱਸਿਆ, ਸੰਗ੍ਰਾਂਦ ਨਾਲ ਕਿਵੇਂ ਹੋ ਸਕਦਾ ਹੈ ? ਜਿਵੇਂ ਅੰਗਰੇਜ਼ੀ

ਮਹੀਨੇ ਹਨ, ਇਵੇਂ ਹੀ ਦੇਸੀ ਮਹੀਨੇ, ਦਿਨ-ਦਿਹਾਰ ਹਨ। ਬਾਰਾਂ ਮਾਂਹ ਦੀ ਬਾਣੀ ਵਿਚ ਵੀ ਇਹੋ ਉਪਦੇਸ਼ ਹੈ ਕਿ ਮਨੁੱਖ ਨੇ ਕਿਸੇ ਦਿਨ, ਥਿਤ ਵਾਰ ਨੂੰ ਚੰਗਾ ਜਾਂ ਮਾੜਾ ਕਰਕੇ ਨਹੀਂ ਮੰਨਣਾ। ਦਿਨ ਉਹ ਹੀ ਚੰਗਾ ਹੈ ਜਿਸ ਦਿਨ ਪ੍ਰਭੂ ਯਾਦ ਰਹੇ।

*ਨਾਨਕ ਸੋਈ ਦਿਨਸੁ ਸੁਹਾਵੜਾ,*

*ਜਿਤੁ ਪ੍ਰਭੁ ਆਵੈ ਚਿਤਿ ॥ (੩੧੮)*

ਮਸਿਆ ਪੂਰਨਮਾਸ਼ੀ ਦੇ ਦਿਹਾੜਿਆਂ ਤੇ ਜੋੜ ਮੇਲੇ ਦੀ ਰੀਤ, ਅਨਮਤੀਆਂ ਦੇ ਜੋੜ ਮੇਲਿਆਂ ਤੋਂ ਸਿੱਖਾਂ ਨੂੰ ਵਰਜਣ ਲਈ ਹੋਂਦ ਵਿਚ ਆਈ ਸੀ, ਜੋ ਹੁਣ ਇਹਨਾਂ ਦਿਨਾਂ ਦੀ ਮਹੱਤਤਾ ਨੂੰ ਸਵੀਕਾਰ ਕਰਕੇ, ਗੁਰਮਤਿ ਤੋਂ ਉਲਟ ਪ੍ਰਚਾਰ ਦਾ ਕਾਰਨ ਬਣ ਰਹੀ ਹੈ। ਸੰਗਤਾਂ ਇਸ ਵਲ ਖਾਸ ਧਿਆਨ ਦੇਣ। ਪੜ੍ਹੋ ਟ੍ਰੈਕਟ ਨੰ 42 'ਸੰਗਰਾਂਦ'।

## ੧੨. ਗ੍ਰਹਿ ਪੂਜਾ

ਸਵਾਰਥ ਸਿੱਧੀ ਵਾਸਤੇ ਜੋਤਿਸ਼ੀ ਲੋਕ, ਸੂਰਜ, ਚੰਦ੍ਰਮਾ, ਮੰਗਲ, ਬੁੱਧ, ਵ੍ਰਿਹਸਤੀ, ਸੁਕਰ, ਸ਼ਨੀਚਰ, ਰਾਹੂ ਅਤੇ ਕੇਤੂ - ਇਹਨਾਂ ਨੌਂ ਗ੍ਰਹਿਆਂ ਦੇ ਸ਼ੁਭ ਅਸ਼ੁਭ ਫ਼ਲ, ਕਲਪ ਕੇ ਲੋਕਾਂ ਨੂੰ ਸੁੱਖ ਦੁੱਖ ਦਾ ਕਾਰਣ ਨਿਸਚਯ ਕਰਵਾਉਂਦੇ ਹਨ ਅਤੇ ਦਾਨ ਪੁੰਨ, ਅਤੇ ਜਪ ਆਦਿਕ ਨਾਲ ਗ੍ਰਹਿਆਂ ਦੀ ਖੋਟੀ ਦਸ਼ਾ ਦੀ ਨਿਵ੍ਰਿਤੀ ਮੰਨਦੇ ਹਨ। ਪਰ ਸਿੱਖ ਧਰਮ ਵਿਚ ਗ੍ਰਹਿ ਪੂਜਾ ਬਿਲਕੁਲ ਮਨ੍ਹਾ ਹੈ। ਗੁਰੂ ਕੇ ਸਿੱਖ, ਗੁਰੂ ਕ੍ਰਿਪਾ ਸਦਕਾ ਇਸ ਭਰਮ ਤੋਂ ਮੁਕਤ ਹਨ। ਸਿੱਖ ਧਰਮ ਵਿਚ ਪ੍ਰਭੂ ਦੇ ਨਾਮ ਤੋਂ

ਉਪਰ ਕੋਈ ਸ਼ਕਤੀ ਨਹੀਂ । ਨਾਮ ਜਪਣਾ ਹੀ ਸਿੱਖੀ ਦਾ ਉੱਤਮ ਕਰਮ ਹੈ । ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ :-

*ਸੂਖ ਸਹਜ ਅਨੰਦੁ ਘਣਾ, ਹਰਿ ਕੀਰਤਨ ਗਾਉ ।*
*ਗਰਹ ਨਿਵਾਰੇ ਸਤਿਗੁਰੂ, ਦੇ ਅਪਣਾ ਨਾਉ ॥*

## ੧੩. ਜੋਤਿਸ਼

ਜਿਸ ਵਿਦਿਆ ਰਾਹੀਂ ਸੂਰਜ, ਚੰਦ, ਪ੍ਰਿਥਵੀ, ਤੇ ਨਛਤ੍ਰ ਆਦਿ ਦਾ ਗਿਆਨ ਹੋਵੇ ਉਸ ਵਿਦਿਆ ਨੂੰ ਜੋਤਿਸ਼ ਕਹਿੰਦੇ ਹਨ । ਇਸ ਜੋਤਿਸ਼ ਵਿਦਿਆ ਦੇ ਦੋ ਭਾਗ ਹਨ । ਇਕ 'ਗਣਿਤ' ਜਿਸ ਤੋਂ ਗ੍ਰਹਿਆਂ ਦੀ ਚਾਲ ਦਾ ਹਿਸਾਬ ਸਮਝੀਦਾ ਹੈ । ਦੂਜਾ ਸੁਆਰਥੀਆਂ ਦਾ ਕਲਪਿਆ ਹੋਇਆ 'ਫਲਿਤ' ਹੈ । ਇਸ ਤੋਂ ਗ੍ਰਹਿਆਂ-ਰਾਸ਼ੀਆਂ ਤੋਂ ਪ੍ਰਾਣੀਆਂ ਨੂੰ ਸੁੱਖ ਅਤੇ ਦੁੱਖ ਹੋਣੇ ਮੰਨੇ ਗਏ ਹਨ ਅਤੇ ਦਾਨ-ਪੁੰਨ ਅਤੇ ਜਪੁ ਆਦਿ ਕਰਨ ਨਾਲ ਮੰਦੇ ਫ਼ਲ ਰੁਕ ਜਾਣ ਅਤੇ ਮਨੋਰਥਾਂ ਦੀ ਸਿੱਧੀ ਹੋਣੀ ਮੰਨੀ ਗਈ । ਗੁਰਮਤਿ ਵਿਚ 'ਫਲਿਤ' ਅੰਗ ਦਾ ਤਿਆਗ਼ ਹੈ ।

## ੧੪. ਧਾਗਾ-ਤਵੀਤ

ਕ਼ਾਲਾ ਜਾਂ ਕੋਈ ਹੋਰ ਧਾਗਾ, ਤਵੀਤ ਜਾਂ ਰੱਖ ਪਾਉਣੀ ਨਿਰੋਲ ਮਨਮਤਿ ਹੈ ਜਿਸ ਦਾ ਸਿੱਖ ਧਰਮ ਨਾਲ ਉੱਕਾ ਹੀ ਕੋਈ ਸਬੰਧ ਨਹੀਂ । ਸਿੱਖੀ ਵਿਚ ਇਕ ਅਕਾਲ ਪੁਰਖ ਦਾ ਨਾਮ ਹੀ ਸਾਰੇ ਦੁੱਖਾਂ ਅਤੇ ਪਾਪਾਂ ਨੂੰ ਦੂਰ ਕਰਨ ਦਾ ਇਕੋ ਇਕ ਵਸੀਲਾ ਹੈ ।

## ੧੫. ਅਨਮਤੀ ਕਰਮ ਕਾਂਡ

ਸਿੱਖ ਰਹਿਤ ਮਰਯਾਦਾ ਅਨੁਸਾਰ ਅਨਮਤੀਆਂ ਦੇ ਕਰਮ ਕਾਂਡਾਂ ਲਈ ਵਰਤੇ ਜਾਣ ਵਾਲੇ ਕਰਮਾਂ ਦੇ ਹੇਠਲੇ ਨਾਂ ਜੋ ਗੁਰਸਿੱਖਾਂ ਨੇ ਨਹੀਂ ਵਰਤਣੇ ਜਾਂ ਨਹੀਂ ਕਰਨੇ :-

(ੳ) ਖਿਆਹ : ਮਰਨ ਦਿਨ ਉਤੇ ਸਰਾਧ ਕਰਨਾ ।

(ਅ) ਸਿੱਖਾ : ਸੂਤ ਦਾ ਅਰਥ ਹੈ ਬੋਦੀ-ਜਨੇਊ ।

(ੲ) ਭਦਣ : ਤੋਂ ਭਾਵ ਹੈ ਜੋ ਹਿੰਦੂ ਲੋਕ ਆਪਣੇ ਬੱਚਿਆਂ ਦਾ ਸਿਰ ਮੁਨਾ ਕੇ ਕਰਦੇ ਕਰਾਉਂਦੇ ਹਨ ।

(ਸ) ਪੁਛਣਾ : ਕਿਸੇ ਕੰਮ ਦੇ ਕਰਨ ਤੋਂ ਪਹਿਲਾਂ ਕਿਸੇ ਬ੍ਰਾਹਮਣ, ਜੋਤਸ਼ੀ ਜਾਂ ਕਿਸੇ ਸਾਧ ਪੀਰ ਪਾਸੋਂ ਉਸਦੇ ਚੰਗੇ ਮੰਦੇ ਬਾਰੇ ਪੁੱਛਣਾ ।

(ਹ) ਸੁੱਖਣਾ : ਦਾ ਭਾਵ ਹੈ ਕਿ ਮੇਰਾ ਕਾਰਜ ਹੋ ਜਾਏ ਤਾਂ ਮੈਂ ਇਤਨਾ ਦਾਨ ਪੁੰਨ ਕਰਾਂਗਾ, ਇਤਨੀ ਵਾਰ ਇਸ਼ਨਾਨ ਜਾਂ ਤੀਰਥ ਯਾਤਰਾ ਕਰਾਂਗਾ ਜਾਂ ਇਤਨਾ ਪਾਠ ਕਰਾਂਗਾ ਜਾਂ ਕਰਵਾਂਗਾ ਆਦਿ ।

## ੧੬. ਫੁਲਾਂ ਦੀ ਵਰਖਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਵੀ ਵਿਅਕਤੀ ਉਪਰ ਫੁੱਲਾਂ ਦੀ ਵਰਖਾ ਕਰਨੀ ਜਾਂ ਸਿਹਰੇ ਪਾਉਣੇ ਮਨਮੱਤ ਹੈ ਅਤੇ ਇਸ ਨਾਲ ਗੁਰੂ ਦੇ ਸਤਿਕਾਰ ਵਿਚ ਫ਼ਰਕ

ਪੈਂਦਾ ਹੈ । ਇਸ ਲਈ ਅਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲੜਕੇ-ਲੜਕੀ ਉਪਰੋਂ ਫੁੱਲਾਂ ਦੀ ਵਰਖਾ ਬਿਲਕੁਲ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਉਨ੍ਹਾਂ ਦੇ ਗਲ ਵਿਚ ਸਿਹਰੇ ਹਾਰ ਪਾਉਣੇ ਚਾਹੀਦੇ ਹਨ । ਜੇ ਇਹ ਕੁਝ ਕਰਨਾ ਹੀ ਹੈ ਤਾਂ ਅਨੰਦ ਕਾਰਜ ਦੇ ਮਗਰੋਂ ਗੁਰੂਦੁਆਰਾ ਸਾਹਿਬ ਦੇ ਬਾਹਰ ਆ ਕੇ ਇਹ ਬੇਲੋੜਾ ਝੱਸ ਅਤੇ ਹੋਰ ਸਿਰ ਵਾਰਨੇ ਆਦਿ ਕੀਤੇ ਜਾ ਸਕਦੇ ਹਨ ।

ਇਸੇ ਤਰ੍ਹਾਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਿਹਰਾ ਬੰਨ੍ਹ ਕੇ ਜਾਂ ਕਲਗੀ, ਮੁਕਟ ਆਦਿ ਲਾ ਕੇ ਆਉਣਾ ਜਿਥੇ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ ਉਥੇ ਗੁਰੂ ਪਾਤਸ਼ਾਹ ਦੇ ਸਤਿਕਾਰ ਨੂੰ ਘਟਾਉਣ ਦੀ ਗੁਸਤਾਖ਼ੀ ਕਰਨਾ ਹੈ ? ਪਾਪ ਕਰਨਾ ਹੈ ।

ਇਸੇ ਤਰਾਂ ਗੁਰ ਸੰਗਤ ਵਿਚ ਲੜਕੇ-ਲੜਕੀ ਨੂੰ ਉਚੇਚੇ ਗਦੇਲਾ ਵਿਛਾ ਕੇ ਬਿਠਾਉਣਾ ਗੁਰੂ ਘਰ ਦੀ ਮਰਿਯਾਦਾ ਦੇ ਉਲਟ ਹੈ ਜੋ ਨਹੀਂ ਹੋਣੀ ਚਾਹੀਦੀ ।

## ੧੭. ਘੁੰਡ

ਵੱਡਿਆਂ ਦਾ ਸਤਿਕਾਰ ਅਤੇ ਉਨ੍ਹਾਂ ਦੀ ਭੈ ਭਾਵਨੀ ਵਿਚ ਰਹਿਣਾ ਤਾਂ ਯੋਗ ਹੈ ਪਰ ਸਿੱਖ ਧਰਮ ਅਨੁਸਾਰ ਘਰਾਂ ਵਿਚ ਪਰਦੇ ਅੰਦਰ ਬੰਦ ਰਹਿਣਾ ਅਤੇ ਘੁੰਡ ਕਢਣਾ, ਸਿੱਖ ਇਸਤ੍ਰੀਆਂ ਲਈ ਮਨ੍ਹਾ ਹੈ ।

ਸੰਗਤ ਵਿਚ ਘੁੰਡ ਕਢਕੇ ਆਉਣ ਵਾਲੀਆਂ ਨੂੰ ਗੁਰੂ

ਅਮਰਦਾਸ ਜੀ ਦਾ ਰਾਜਾ ਹਰੀਪੁਰ ਦੀ ਰਾਣੀ ਨੂੰ ਕੀਤਾ ਉਪਦੇਸ਼ ਯਾਦ ਰਹਿਣਾ ਚਾਹੀਦਾ ਹੈ । ਹਾਂ ! ਸਿੱਖ ਬੀਬੀਆਂ ਨੂੰ ਕੇਸ ਪੂਰੇ ਢਕ ਕੇ ਰੱਖਣੇ ਜ਼ਰੂਰੀ ਬਣਦੇ ਹਨ ।

## ੧੮. ਸਰਾਧਾਂ ਵਿਚ ਵਿਆਹ

ਸਿੱਖੀ ਦਾ ਸਰਾਧਾਂ ਨਾਲ ਦੂਰ ਦਾ ਵੀ ਸਬੰਧ ਨਹੀਂ ਇਸ ਲਈ ਸਿੱਖ ਸਰਾਧਾਂ ਵਿਚ ਵਿਆਹ ਕਰਨ ਤਾਂ ਨਾ ਕੋਈ ਰੋਕ ਹੈ ਨਾ ਕੋਈ ਹਰਜ । ਸਗੋਂ ਹਰ ਚੀਜ਼ ਵਸਤ ਸੌਖੀ ਮਿਲ ਜਾਂਦੀ ਹੈ । ਕਿਉਂਕਿ ਅਨੁਮਤੀ ਇਨ੍ਹਾਂ ਦਿਨਾਂ ਵਿਚ ਵਿਆਹ ਨਹੀਂ ਕਰਦੇ । ਸਰਾਧਾਂ ਵਿਚ ਵਿਆਹ ਨਾ ਕਰਨਾ ਅਗਿਆਨਤਾ ਅਤੇ ਵਹਿਮ ਪ੍ਰਸਤੀ ਦਾ ਸ਼ਿਕਾਰ ਹੋਣਾ ਹੈ । ਸਿੱਖ ਸਰਾਧਾਂ ਵਿਚ ਜੇ ਵਿਆਹ ਕਰਨ ਤਾਂ ਕੋਈ ਹਰਜ ਨਹੀਂ ਕਿਉਂਕਿ ਇਨ੍ਹਾਂ ਦਿਨਾਂ ਵਿਚ ਹਰ ਇਕ ਚੀਜ਼ ਸੌਖੀ ਪ੍ਰਾਪਤ ਹੋ ਜਾਂਦੀ ਹੈ ।

## ੧੯. ਅੰਮ੍ਰਿਤ ਦੀ ਮਹਾਨਤਾ

ਸਿੱਖ ਧਰਮ ਵਿਚ ਅੰਮ੍ਰਿਤ ਦੀ ਉਤਨੀ ਹੀ ਮਹਾਨਤਾ ਹੈ ਜਿਤਨੀ ਕਿ ਸਰੀਰ ਨੂੰ ਜ਼ਿੰਦਾ ਰਖਣ ਲਈ ਹਵਾ ਅਤੇ ਆਕਸੀਜਨ ਦੀ ।

1699 ਦੀ ਵੈਸਾਖੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਖਤ ਸ਼੍ਰੀ ਕੇਸ਼ਗੜ੍ਹ ਸਾਹਿਬ ਦੇ ਅਸਥਾਨ ਉਤੇ ਹਜ਼ਾਰਾਂ ਦੀ ਗਿਣਤੀ ਵਿਚੋਂ ਤਲਵਾਰ ਦੀ ਧਾਰ ਤੇ ਪਰਖ਼ ਕੇ ਪੰਜ ਮਨੁੱਖ ਚੁਣੇ ਸਨ, ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਆਖਿਆ । ਗੁਰੂ ਪਾਤਸ਼ਾਹ ਨੇ ਅੰਤ ਸਮੇਂ ਖਾਲਸਾ

ਪੰਥ ਨੂੰ ਗੁਰੂ ਗ੍ਰੰਥ ਦੇ ਲੜ ਲਾਕੇ ਪੰਜਾਂ ਪਿਆਰਿਆਂ ਨੂੰ ਹੀ ਅਗ਼ਵਾਈ ਬਖਸ਼ੀ ਸੀ । ਤਾਂ ਹੀ ਅਸੀਂ ਕਹਿੰਦੇ ਹਾਂ ਕਿ ਸਾਡਾ ਗੁਰੂ, ਗ੍ਰੰਥ ਅਤੇ ਪੰਥ ਹੈ ।

ਗੁਰੂ ਸਾਹਿਬ ਨੇ ਪੰਜਾਂ ਨੂੰ ਅੰਮ੍ਰਿਤ ਛਕਾਉਣ ਉਪ੍ਰੰਤ ਆਪ ਹੱਥ ਜੋੜ ਕੇ ਉਨ੍ਹਾਂ ਪੰਜਾਂ ਕੋਲੋਂ ਅੰਮ੍ਰਿਤ ਦੀ ਮੰਗ ਕੀਤੀ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਅੰਮ੍ਰਿਤ ਛੱਕ ਕੇ ਗੁਰੂ ਅਤੇ ਚੇਲੇ ਦਾ ਭੇਦ ਮਿਟ ਗਿਆ । ਅੰਮ੍ਰਿਤ ਦੀ ਸ਼ਕਤੀ ਨੇ ਚੇਲਾ, ਗੁਰੂ ਅਤੇ ਗੁਰੂ ਚੇਲਾ ਬਣਾ ਦਿਤਾ । ਤਾਂ ਹੀ ਭਾਈ ਗੁਰਦਾਸ ਜੀ ਲਿਖਦੇ ਹਨ :- ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਗੁਰੂ ਸਾਹਿਬ ਨੇ ਤਾਂ ਇਥੋਂ ਤਕ ਕਹਿ ਦਿਤਾ -

ਧਰੇ ਕੇਸ ਪਾਹੁਲ ਬਿਨਾਂ

ਭੇਖੀ ਮੂਰਖ ਸਿੱਖ

ਭਾਵ— ਅੰਮ੍ਰਿਤ ਛਕਣ ਤੋਂ ਬਗੈਰ ਕੇਸ ਰਖਣ ਵਾਲਾ ਭੇਖੀ ਅਤੇ ਮੂਰਖ ਹੈ । ਅੰਮ੍ਰਿਤ ਛਕੇ ਬਗ਼ੈਰ ਕੋਈ ਵੀ ਖਾਲਸਾ ਪੰਥ ਦਾ ਅੰਗ ਨਹੀਂ ਬਣ ਸਕਦਾ ।

## ੨੦ਅੰਮ੍ਰਿਤ ਧਾਰੀ ਹੋ ਕੇ ਆਪਸ ਵਿਚ ਲੜਨਾ

ਅੰਮ੍ਰਿਤ ਦਾ ਭਾਵਨਾ ਨੂੰ ਨ ਸਮਝਣ ਕਰਕੇ ਹੀ ਅੰਮ੍ਰਿਤ ਧਾਰੀ- ਅਮ੍ਰਿਤਧਾਰੀ ਨਾਲ ਲੜਦਾ ਹੈ ਜਾਂ ਲੜਦੇ ਹਨ । 'ਅੰਮ੍ਰਿਤ' ਦੀ ਭਾਵਨਾ ਦੀ ਸਮਝ ਸਿੱਖੀ ਰਹਿਤ ਮਰਿਯਾਦਾ ਅਤੇ ਸਿੱਖ ਵੀਚਾਰ ਧਾਰਾ ਤੋਂ ਆਉਂਦੀ ਹੈ ਤੇ ਲੜਨ ਵਾਲੇ ਸਿੱਖ

ਵੀਚਾਰਧਾਰਾ ਅਤੇ ਸਿੱਖ ਰਹਿਤ ਮਰਿਯਾਦਾ ਦੇ ਨੇੜਿਉਂ ਵੀ ਕਦੇ ਨਹੀਂ ਲੰਘੇ ।

ਜਿਸ ਦਿਨ ਸਿੱਖਾਂ ਨੇ ਸਿੱਖ ਵੀਚਾਰਧਾਰਾ ਨੂੰ ਧਾਰਨ ਕਰ ਲਿਆ ਆਪਸ ਦੀਆਂ ਸਭ ਲੜਾਈਆਂ ਮੁੱਕ ਜਾਣਗੀਆਂ ।

## ੨੧. ਸਿੱਖ ਸਿੱਖ ਵਿਚ ਅੰਤਰ

ਸਿੱਖ-ਸਿੱਖ ਵਿਚ ਕੋਈ ਅੰਤਰ ਨਹੀਂ ਅਤੇ ਨਾਂ ਹੀ ਹੋਣਾ ਚਾਹੀਦਾ ਹੈ । ਕਿਉਂਕਿ ਸਿੱਖ ਧਰਮ ਨੇ ਖਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ ਆਦਿ 'ਮਨੂੰ' ਦੀ ਕੀਤੀ ਵਰਣਵੰਡ ਨੂੰ ਪ੍ਰਵਾਨ ਨਹੀਂ ਕੀਤਾ । ਗੁਰਮਤਿ ਸਾਨੂੰ ਤਾਂ- ਏਕ ਪਿਤਾ ਏਕਸ ਕੇ ਹਮ ਬਾਰਿਕ' ਹੋਣ ਦਾ ਉਪਦੇਸ਼ ਦੇਂਦੀ ਹੈ ।

ਇਸ ਤਰ੍ਹਾਂ ਗੁਰਮਤਿ ਵਿਚ ਜਾਤ-ਗੋਤ ਦੀ ਵੰਡੀਆਂ ਲਈ ਕੋਈ ਥਾਂ ਨਹੀਂ, ਜਿਸ ਕਰਕੇ ਸਭ ਗੁਰਸਿੱਖ ਇਕੋ ਜਿਹਾ ਦਰਜਾ ਰਖਦੇ ਹਨ । ਕੋਈ ਨੀਵਾਂ, ਕੋਈ ਉਚਾ ਨਹੀਂ ਅਤੇ ਨਾ ਹੀ ਰਿਸ਼ਤੇ ਨਾਤੇ ਕਰਨ ਸਮੇਂ ਜਾਂ ਹੋਰ ਵਰਤੋਂ ਵਿਆਹ ਕਰਨ ਸਮੇਂ ਇਸ ਤਰਾਂ ਦੀਆਂ ਵੰਡੀਆਂ ਪਾਉਣੀਆਂ ਯੋਗ਼ ਹਨ ।

## ੨੨. ਵਾਹਿਗੁਰੂ ਜੀ ਕੀ ਫਤਹਿ

ਭਾਈ ਸਾਹਿਬ ਮਨੀ ਸਿੰਘ ਜੀ ਸ਼ਹੀਦ ਨੇ ਭਗਤ ਰਤਨਾਵਲੀ ਵਿਚ ਕਲਗੀਧਰ ਜੀ ਦੀ ਆਗਿਆ ਇਸ ਤਰਾਂ ਲਿਖੀ ਹੈ :-

ਜੋ ਕੋਈ ਸਿੱਖ ਨੂੰ ਅਗੋਂ ਵਾਹਿਗੁਰੂ ਜੀ ਕੀ ਫਤਹਿ ਬੁਲਾਂਵਦਾ ਹੈ ਉਸ ਵੱਲ ਮੇਰਾ ਮੁੱਖ ਹੁੰਦਾ ਹੈ । ਜੋ ਪਿਛੋਂ ਬੁਲਾਉਂਦਾ

ਹੈ ਉਸ ਵੱਲ ਮੇਰਾ ਸੱਜਾ ਮੋਢਾ ਹੁੰਦਾ ਹੈ । ਪਰ ਜੋ ਪਿਛੋਂ ਹੋਲੀ ਜਿਹੀ ਬੁਲਾਂਉਂਦਾ ਹੈ ਉਸ ਵੱਲ ਮੇਰਾ ਖੱਬਾ ਮੋਢਾ ਹੁੰਦਾ ਹੈ ।

ਜੋ ਨਹੀਂ ਬੁਲਾਂਉਂਦਾ, ਉਸ ਵੱਲ ਮੇਰੀ ਪਿੱਠ ਹੁੰਦੀ ਹੈ । ਲਾਹੌਰ ਦੇ ਨਵਾਬ ਜ਼ਕਰੀਆਂ ਖਾਂ ਨੇ ਨਾਦਰ ਸ਼ਾਹ ਨੂੰ ਖ਼ਾਲਸੇ ਦੀਂ ਨਿਆਰੀ ਰੀਤ ਬਾਰੇ ਜੋ ਦੱਸਿਆ ਉਹ ਇਤਿਹਾਸ 'ਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ -

*ਰਾਮ ਰਾਮ, ਸਲਾਮ ਨ ਰਟਤੇ*
*ਗੱਜ ਕਰ ਫਤਹ ਗਜਾਤੇ ।*

ਸਵਾਮੀ ਵਿਵੇਕਾ ਨੰਦ ਜੀ ਨੇ ਵੀ ਇਕ ਵਾਰ ਕਿਹਾ ਸੀ ਕਿ ਵਾਹਿਗੁਰੂ ਜੀ ਕੀ ਫਤਹਿ ਨਵੇਂ ਸਮਾਜ ਦਾ ਗਰਜਦਾ ਨਾਅਰਾ ਹੈ । 'ਵਾਹਿਗੁਰੂ ਜੀ ਕੀ ਫਤਹਿ' ਦੀ ਥਾਂ 'ਸਤਿ ਸ੍ਰੀ ਅਕਾਲ' ਆਖਣਾ ਕਲਪਤਿ ਰੀਤੀ ਹੈ । ਇਸ ਨੂੰ ਤਿਆਗ ਕੇ ਇਕ ਦੂਜੇ ਨੂੰ ਮਿਲਣ ਸਮੇਂ ਹਥ ਜੋੜ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਗੁਰੂ ਦਰਸਾਈ ਰੀਤ ਨੂੰ ਚਾਲੂ ਰਖਣਾ ਸਭ ਸਿੱਖਾਂ ਦਾ ਜ਼ਰੂਰੀ ਫਰਜ਼ ਹੈ ।

## ੨੩. ਅਰਦਾਸ

ਅਰਦਾਸ ਸਮੇਂ ਸਾਨੂੰ ਸਾਰਿਆਂ ਨੂੰ ਸਾਵਧਾਨੀ ਨਾਲ ਹੱਥ ਪੂਰੀ ਤਰਾਂ ਜੋੜ ਕੇ ਜਿਥੇ ਖ਼ੜਾ ਹੋਣਾ ਜ਼ਰੂਰੀ ਹੈ ਉਥੇ ਇਸ ਦੇ ਅੱਖਰ ਅੱਖਰ ਨੂੰ ਧਿਆਨ ਦੇ ਕੇ ਪੜ੍ਹਿਆ ਸੁਣਿਆ ਜਾਣਾ ਵੀ ਜ਼ਰੂਰੀ ਹੈ ।

ਅਰਦਾਸ ਵਿਚ ਕਹੇ ਗਏ ਸ਼ਬਦ ਸਾਡਾ ਸਾਂਝਾ, ਕੀਮਤੀ ਕੌਮੀ ਵਿਰਸਾ ਹੈ, ਇਸ ਲਈ ਇਸਦੇ ਸ਼ਬਦਾਂ ਵਲ ਉਚੇਚੇ ਧਿਆਨ

ਦੇਣਾ ਬਣਦਾ ਹੈ । ਅਰਦਾਸ ਸਮੇਂ ਪੰਥ ਪ੍ਰਵਾਣਤ ਰਹਿਤ ਮਰਿਯਾਦਾ ਵਿਚ ਦਰਜ ਅਨੁਸਾਰ ਹੀ ਸ਼ਬਦਾਵਲੀ ਵਰਤਣੀ ਚਾਹੀਦੀ ਹੈ ।

(ਓ) ਇਸ ਦੀਆਂ ਪਹਿਲੀਆਂ ਪੰਜ ਪੰਗਤੀਆਂ ਦਸਮ ਪਾਤਸ਼ਾਹ ਦੀਆਂ ਆਪਣੀਆਂ ਰਚਿਤ ਮੰਨੀਆਂ ਜਾਂਦੀਆਂ ਹਨ; ਇਸ ਲਈ ਇਨ੍ਹਾਂ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨੀ ਠੀਕ ਨਹੀਂ ।

ਇਨ੍ਹਾਂ ਪੰਗਤੀਆਂ ਵਿਚ ਪਹਿਲੀ ਵਿਲਖੱਣ ਗੱਲ ਇਹ ਯਾਦ ਰੱਖਣ ਵਾਲੀ ਹੈ ਕਿ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਤੋਂ ਪਹਿਲਾਂ 'ਗੁਰੂ' ਸ਼ਬਦ ਲਗਿਆ ਹੋਇਆ ਹੈ । ਹੋਰ ਕਿਸੇ ਗੁਰ ਵਿਅਕਤੀ ਨਾਲ ਨਹੀਂ ਵਰਤਿਆ ਗਿਆ । ਦੂਜੀ ਪੰਗਤੀ 'ਚ 'ਗੁਰ' ਸ਼ਬਦ ਜੋ ਲਾਇਆ ਗਿਆ ਹੈ ਉਹ (ਗੁਰ) ਅੰਗਦ (ਦੇਵ ਜੀ) ਦੇ ਨਾਂ ਮਗਰੋਂ ਇਹ ਦਰਸਾਉਣ ਲਈ ਲਾਇਆ ਗਿਆ ਹੈ ਕਿ ਗੁਰੂ ਨਾਨਕ ਜੀ ਹੀ 'ਅੰਗਦ ਗੁਰ' ਹੋਏ ਹਨ ।

ਇਸ ਲਈ ਸਾਨੂੰ ਵੀ ਅਰਦਾਸ ਕਰਨ ਸਮੇਂ ਹੋਰ ਕਿਸੇ ਗੁਰਵਿਅਕਤੀ ਦੇ ਨਾਂ ਤੋਂ ਪਹਿਲਾਂ 'ਗੁਰੂ' ਸ਼ਬਦ ਨਹੀਂ ਲਾਉਣਾ ਚਾਹੀਦਾ ।

(ਅ) ਯਾਦ ਰਵ੍ਹੇ ਗੁਰੂ ਇੱਕ ਹੀ ਹੈ (ਦੱਸ ਨਹੀਂ) ਗੁਰੂ ਨੇ ਦੱਸ ਜਾਮੇ ਧਾਰੇ ਸਨ ।

(ੲ) ਅਰਦਾਸ ਵਿਚ ਪੰਜ ਪਿਆਰਿਆਂ ਤੇ ਚਾਰ ਸਾਹਿਬਜ਼ਾਦਿਆਂ ਦੇ ਨਾਂ ਲੈਣ ਦਾ ਵਿਧਾਨ ਨਹੀਂ । ਕੇਵਲ ਇਤਨਾਂ ਹੀ ਕਹਿਣਾ ਹੁੰਦਾ ਹੈ "ਪੰਜਾਂ ਪਿਆਰਿਆਂ ਚੌਹਾਂ ਸਾਹਿਬਜ਼ਾਦਿਆਂ...

(ਸ) ਇਸ ਵਿਚ ਪੜ੍ਹੀ ਜਾਣ ਵਾਲੀ 'ਸਿੱਖਾਂ ਦਾ ਮਨ ਨੀਵਾਂ, ਮੱਤ ਉਚੀ, ਮੱਤ ਦਾ ਰਾਖਾ ਆਪ ਵਾਹਿਗੁਰੂ' ਹੀ ਚਾਹੀਦਾ ਹੈ (ਮੱਤ ਦੇ ਨਾਲ ਪੱਤ ਨਹੀਂ ਲਾਇਆ ਗਿਆ) ।

(ਹ) ਅਰਦਾਸ ਵਿਚ ਕੇਵਲ ਅੰਮ੍ਰਿਤਸਰ ਦੇ ਇਸ਼ਨਾਨ ਦਾ ਹੀ ਜ਼ਿਕਰ ਹੈ । ਇਸ ਲਈ ਇਸ ਤੋਂ ਬਗੈਰ ਜਾਂ ਇਸ ਦੇ ਨਾਲ ਕਿਸੇ ਹੋਰ ਸਰੋਵਰ ਆਦਿ ਦੇ ਇਸ਼ਨਾਨ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ । ਇਸ ਤਰ੍ਹਾਂ ਸਾਡੀ ਕੌਮੀ ਏਕਤਾ ਵਿਚ ਫਰਕ ਪੈਣ ਦਾ ਡਰ ਹੈ ।

(ਕ) 'ਸਿੱਖ ਰਹਿਤ ਮਰਿਯਾਦਾ' ਵਿਚ ਅਤੇ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਵੀ ਹੋ ਚੁਕਾ ਹੈ ਕਿ ਕੜਾਹ ਪ੍ਰਸ਼ਾਦ ਵਿਚ ਕ੍ਰਿਪਾਨ ਭੇਂਟ ਅਰਦਾਸ ਅਤੇ ਵਾਕ ਲੈਣ ਮਗਰੋਂ ਹੋਣੀ ਚਾਹੀਦੀ ਹੈ ਨਾ ਕਿ ਅਰਦਾਸ ਦੇ ਵਿਚਕਾਰ, ਕੜਾਹ ਪ੍ਰਸ਼ਾਦ ਦਾ ਜ਼ਿਕਰ ਆਉਣ ਤੇ । ਸੋ ਸਾਨੂੰ ਵੀ ਕੜ੍ਹਾਹ ਪ੍ਰਸ਼ਾਦ ਵਿਚ ਕਿਰਪਾਨ ਭੇਂਟ ਕਰਨ ਦੀ ਮਰਿਯਾਦਾ ਨੂੰ ਅਪਣਾਉਂਦਿਆਂ ਅਰਦਾਸ ਅਤੇ ਵਾਕ ਲੈਣ ਦੇ ਮਗਰੋਂ ਹੀ ਕਿਰਪਾਨ ਭੇਂਟ ਕਰਨੀ ਚਾਹੀਦੀ ਹੈ ।

'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ' ਵਿਚ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜਾਂ ਕੀ ਗੁਰੂ ਗ੍ਰੰਥ ਸਾਹਿਬ ਨਾਮ ਦੀ ਚੜ੍ਹਦੀ ਕਲਾ ਨਹੀਂ ਕਹਿਣਾ ਬਣਦਾ । ਗੁਰਬਾਣੀ ਦੇ ਸ਼ਬਦਾਂ ਵਿਚ ਵੀ ਕੇਵਲ 'ਨਾਨਕ' ਨਾਮ ਦੀ ਹੀ ਛਾਪ ਵਰਤੀ ਗਈ ਹੈ ਹੋਰ ਕਿਸੇ ਗੁਰਵਿਅਕਤੀ ਦੇ ਨਾਂ ਦੀ ਨਹੀਂ ।

## ੨੪. ਅਰਦਾਸ ਤੋਂ ਪਹਿਲਾਂ ਤੇ ਮਗਰੋਂ

ਅਰਦਾਸ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਪਉੜੀ "ਤੂੰ ਠਾਕੁਰ ਤੁਮ ਪੈ ਅਰਦਾਸ 'ਤੋਂ ਸ਼ੁਰੂ ਹੋ ਕੇ 'ਨਾਨਕ ਦਾਸ ਸਦਾ ਕੁਰਬਾਣੀ' ਤੱਕ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸਾਨੂੰ ਵੀ ਇਥੋਂ ਤੱਕ ਪੜ੍ਹ ਕੇ ਅਗੋਂ ਅਰਦਾਸ ਸ਼ੁਰੂ ਕਰ ਦੇਣੀ ਚਾਹੀਦੀ ਹੈ। ਇਸਦੇ ਨਾਲ ਬਾਣੀ ਦੀਆਂ ਵੱਖ ਵੱਖ ਥਾਵਾਂ ਤੋਂ ਲਈਆਂ ਹੋਰ ਪੰਗਤੀਆਂ ਜੋੜ ਕੇ ਪੜ੍ਹਨਾ ਮਨ ਦੀ ਹੀ ਮੱਤ ਹੈ ਜੋ ਕਿ ਨਹੀਂ ਹੋਣੀ ਚਾਹੀਦੀ।

ਇਸੇ ਤਰ੍ਹਾਂ ਅਰਦਾਸ ਮਗਰੋਂ ਪੜ੍ਹਿਆ ਜਾਣ ਵਾਲਾ ਪੰਥ ਪ੍ਰਵਾਣਤ ਦੋਹਰਾ- "ਆਗਿਆ ਭਈ ਅਕਾਲ ਕੀ' ਤੋਂ ਲੈ ਕੇ 'ਬਚੇ ਸ਼ਰਨ ਜੋ ਹੋਇ' ਤੱਕ ਹੀ ਹੈ। ਇਥੋਂ ਤਕ ਪੜ੍ਹ ਕੇ ਜੈਕਾਰਾ ਗੱਜਾ ਦੇਣਾ ਚਾਹੀਦਾ ਹੈ। ਇਸ ਤੋਂ ਅਗੋਂ ਹੋਰ ਬੰਦ ਜੋੜ ਕੇ ਪੜ੍ਹਨੇ ਜਿਥੇ ਮਨ ਦੀ ਮੱਤ ਹੈ ਉਥੇ ਪੰਥਕ ਮਰਿਯਾਦਾ ਦੀ ਏਕਤਾ ਨੂੰ ਭੰਗ ਕਰਨਾ ਹੈ।

## ੨੫. ਦਸਵੰਧ

'ਘਾਲਿ ਖਾਇ ਕਿਛੁ ਹਥਹੁੰ ਦੇਹਿ' ਦਾ ਸਿਧਾਂਤ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦਿਤਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਕਰਤਾਰਪੁਰ ਜੋ ਉਪਜ ਖੇਤੀ ਤੋ ਹੁੰਦੀ ਸੀ, ਗੁਰੂ ਪਾਤਸ਼ਾਹ ਉਸਦੇ ਤਿੰਨ ਹਿਸੇ ਕਰਦੇ ਸਨ। ਇਕ

ਧਰਮਸਾਲ ਲਈ, ਇਕ ਘਰ ਲਈ ਤੇ ਤੀਜਾ ਆਏ ਗਏ ਅਭਿਆਗਤ, ਸੰਤ ਮਹਾਤਮਾ ਲਈ ।

ਗੁਰੂ ਰਾਮਦਾਸ ਜੀ ਨੇ ਮਸੰਦ ਨੀਅਤ ਕੀਤੇ ਸਨ ਜੋ ਸੰਗਤਾਂ ਪਾਸ ਪੁਜ ਕੇ ਕਾਰ ਭੇਟ ਇਕਠੀ ਕਰਕੇ ਗੁਰੂ ਜੀ ਪਾਸ ਪਹੁੰਚਾਉਂਦੇ ਸਨ । ਪਰ ਕਮਾਈ ਦਾ ਦਸਵਾਂ ਹਿਸਾ (ਦਸਵੰਧ) ਗੁਰੂ ਨਮਿਤ ਖਰਚ ਕਰਨ ਦਾ ਹੁਕਮ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਿਤਾ ਸੀ । ਗੁਰੂ ਸਾਹਿਬ ਦੇ ਸਮਕਾਲੀਂ ਇਤਿਹਾਸਕਾਰਾਂ ਦੀ ਲਿਖਤ ਵਿਚ ਆਉਂਦਾ ਹੈ ਕਿ ਸਰਕਾਰ ਨੂੰ ਮਾਲੀਆ ਉਗਰਾਹਣ ਵਿੱਚ ਬੇਸ਼ਕ ਖੇਚਲ ਹੁੰਦੀ ਹੈ ਪਰ ਸਿੱਖ ਚਾਅ ਨਾਲ ਗੁਰੂ ਕੋਲ ਦਸਵੰਧ ਪਹੁੰਚਾਉਂਦੇ ਹਨ ।

ਤਨਖਾਹਨਾਮਾ ਭਾਈ ਨੰਦ ਲਾਲ ਸਿੰਘ ਜੀ ਵਿਚ ਗੁਰੂ ਕਲਗੀਧਰ ਪਾਤਸ਼ਾਹ ਦਾ ਹੁਕਮ ਇਸ ਤਰਾਂ ਦਰਜ ਹੈ :-

*ਦਸ ਨਖ ਕਰ ਜੋ ਕਾਰ ਕਮਾਵੈ ॥*
*ਤਾਂ ਕਰ ਜੋ ਘਰ ਆਵੈ ॥*
*ਤਿਸ ਤੇ ਗੁਰੂ ਦਸੌਂਧ ਜੋ ਦੇਈ ॥*
*ਸਿੰਘ ਸੁਜਸ ਬਹੁ ਜਗ ਮਹਿ ਲਈ ॥*

ਭਾਈ ਦਇਆ ਸਿੰਘ ਜੀ ਰਹਿਤਨਾਮੇ ਵਿਚ ਲਿਖਿਆ ਹੋਇਆ ਹੈ :"ਵੰਡ ਖਾਇ, ਕਾਜ ਕਿਸੂ ਕਾ ਹੋਇ ਤਾਂ ਸਵਾਰੇ, ਦਸਵੰਧ ਦੇਵੈ, ਦਸਵੰਧ ਨਾਲ ਹਰ ਕਿਰਤ ਵਿਚ ਬਰਕਤ ਪੈਂਦੀ ਹੈ ।"

ਇਕ ਥਾਂ ਹੋਰ ਲਿਖਿਆ ਇਸ ਤਰ੍ਹਾਂ ਮਿਲਦਾ ਹੈ :

*ਜੋ ਅਪਨੀ ਕਛ ਕਰਹੁ ਕਮਾਈ ॥*
*ਗੁਰ ਹਿਤ ਦਿਹੁ ਦਸਵੰਧ ਬਨਾਈ ॥*

ਪ੍ਰੇਮ ਸੁਮਾਰਗ ਵਿਚ ਲਿਖਿਆ ਮਿਲਦਾ ਹੈ :

"ਪਰ ਸਾਰੀ ਰਹਿਤ ਇਹੀ ਹੈ : ਜੋ ਕਿਸੀ ਕੋ ਕਲਪਾਵੈ ਨਾਹੀ ਅਰ ਅੰਦਰਿ ਆਪਣਾ ਕਿਸੀ ਕਉ ਦੇਵੈ ਨਾਹੀ, ਭਾਵ ਜਣੇ ਖਣੇ ਨੂੰ ਦਿਲ ਦੀ ਨਾ ਦਸੇ, ਸਿਵਾਏ ਗੁਰੂ ਅਤੇ ਮਿਤਰ ਦੇ । ਪਰ ਕਿਰਤ ਰੁਜ਼ਗਾਰ ਕਰਤਾ ਰਹੇ । ਅਰ ਜੋ ਕਿਛੁ ਰੁਜ਼ਗਾਰ ਤੇ ਗੁਰੂ ਦੇਵੈ ਉਸ ਵਿਚੋਂ ਦਸਵਾਂ ਹਿੱਸਾ ਸ੍ਰੀ ਅਕਾਲਪੁਰਖ ਜੀ ਕਾ ਜੁਦਾ ਕਰ ਰਖੇ ।"

ਜਦ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਸੀ ਤਾਂ ਉਸ ਸਮੇਂ ਲਏ ਹਰ ਮੈਂਬਰ ਉਤੇ ਇਕ ਸ਼ਰਤ ਇਹ ਸੀ ਕਿ ਉਹ ਪ੍ਰਮਾਣ ਦੇਵੇ ਕਿ ਉਹ ਦਸਵੰਧ ਕੱਢਦਾ ਹੈ । ਇਸ ਬਾਰੇ ਹੋਰ ਧਿਆਨ ਯੋਗ ਪੰਗਤੀਆਂ :

(ੳ) *ਘਾਲ ਖਾਇ ਕਿਛੁ ਹਥਹੁ ਦੇਇ,*
*ਨਾਨਕ ਰਾਹੁ ਪਛਾਣਹਿ ਸੇਇ ॥*

(ਅ) *ਮਿੱਠਾ ਬੋਲਣ ਨਿਵ ਚਲਣ*
*ਹਥਹੁ ਦੇ ਕੇ ਭਲਾ ਮਨਾਏ ॥ ਭਾਈ ਗੁਰਦਾਸ ਜੀ ।*

(ੲ) *ਗ਼ਰੀਬ ਦਾ ਮੂੰਹ, ਗੁਰੂ ਕੀ ਗ਼ੋਲਕ ਜਾਣੋ ।*

## ੨੬ ਬਿਪ੍ਰਨ ਕੀ ਰੀਤ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਨੂੰ ਬਿਪ੍ਰਨ (ਬ੍ਰਾਹਮਣਾਂ ਕੀ ਰੀਤ) ਨੂੰ ਅਪਣਾਉਣ ਲਈ ਕਰੜਾ ਹੁਕਮ ਕੀਤਾ ਸੀ । ਜੇ ਕਦੇ ਕਿਸੇ ਬ੍ਰਾਹਮਣਾਂ ਦੀ ਕੋਈ ਰੀਤ ਅਪਨਾਈ ਤਾਂ ਗੁਰੂ ਪਾਤਸ਼ਾਹ ਨੇ ਸਪਸ਼ਟ ਸ਼ਬਦਾਂ 'ਚ ਕਹਿ ਦਿਤਾ ਸੀ -

ਮੈਂ ਨ ਕਰਉ ਇਨ ਕੀ ਪ੍ਰਤੀਤ'' ਭਾਵ ਗੁਰੂ ਸਾਹਿਬ ਐਸੇ ਸਿੱਖ ਉਤੇ ਨ ਇਤਬਾਰ ਕਰਨਗੇ ਅਤੇ ਨਾਂਹ ਹੀ ਸਹਾਇਤਾ ।

ਦਰਅਸਲ ਧਰਮ ਵਿਚ ਜਿਤਨੀਆਂ ਗੁੰਝਲਾਂ, ਉਲਝਣਾਂ ਵਹਿਮ-ਭਰਮ ਤੇ ਭੁਲੇਖੇ ਪਏ ਹੋਏ ਹਨ ਉਹ ਸਭ ਇਨ੍ਹਾਂ ਬ੍ਰਾਹਮਣਾਂ ਦੇ ਹੀ ਪਾਏ ਹੋਏ ਮੰਨੇ ਗਏ ਸਨ । ਬ੍ਰਾਹਮਣ ਲੋਕਾਂ ਨੇ ਸਾਰੇ ਹੱਕ ਹਕੂਕ ਜਿਥੇ ਆਪਣੇ ਲਈ ਰਾਖਵੇਂ ਰਖ ਲਏ ਸਨ ਉਥੇ ਬਾਕੀ ਮਨੁੱਖ ਜਾਤੀ ਨੂੰ ਵੱਖ ਵੱਖ ਸ਼੍ਰੇਣੀਆਂ ਵਿਚ ਵੰਡ ਕੇ ਕਦਮ ਕਦਮ ਉਤੇ ਵਿਤਕਰੇ ਪੱਖਪਾਤ ਦੇ ਐਸੇ ਬੀਜ ਬੀਜੇ ਜਿਨ੍ਹਾਂ ਤੋਂ ਗੁਰੂ ਪਾਤਸ਼ਾਹ ਤੋਂ ਸਿੱਖਾਂ ਨੂੰ ਮੁਕਤ ਕੀਤਾ । ਜਿਵੇਂ :

ਬ੍ਰਾਹਮਣ ਨੇ ਆਪਣਾ ਜਨੇਊ ਰੇਸ਼ਮ ਦਾ ਖਤਰੀ ਲਈ ਸੂਤ ਦਾ ਅਤੇ ਵੈਸ਼ ਲਈ ਉੱਨ ਦਾ ਪਾਉਣਾ ਜਿਥੇ ਨੀਅਤ ਕੀਤਾ ਉਥੇ ਇਹ ਆਪ ਤਾਂ ਬੰਸਤ ਰੁਤ ਵਿਚ ਪਾਏਗਾ, ਖਤਰੀ ਨੂੰ ਗਰਮੀ ਦੀ ਰੁਤ 'ਚ ਅਤੇ ਵੈਸ਼ ਨੂੰ ਪਤਝੱੜ ਵਿਚ ਪਾਉਣ ਲਈ ਕਹਿੰਦਾ ਹੈ ਅਤੇ ਨਾਲ ਹੀ ਆਪਣਾ ਜਨੇਊ ਤਿਹਰਾ, ਖਤਰੀ ਦਾ ਦੂਹਰਾ ਅਤੇ ਵੈਸ਼ ਲਈ ਇਕਹਿਰਾ ਪਾਉਣ ਦੀ ਮਰਿਯਾਦਾ ਦਸਦਾ ਹੈ ।

ਬ੍ਰਾਹਮਣ ਇਹ ਜਨੇਊ 7 ਸਾਲ ਦੀ ਉਮਰ, 'ਚ ਖਤਰੀ 9 ਸਾਲ ਅਤੇ ਵੈਸ਼ 11 ਸਾਲ ਦੀ ਉਮਰ 'ਚ ਪਾਏਗਾ । ਸ਼ੂਦਰ ਅਤੇ ਇਸਤ੍ਰੀ ਜਾਤੀ ਇਹ ਜਨੇਊ ਪਾ ਹੀ ਨਹੀਂ ਸਕਦੇ ।

ਪਰ ਇਧਰ ਗੁਰੂ ਪਾਤਸ਼ਾਹ ਨੇ ਸਭ ਨੂੰ ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ ਵਿਤਕਰੇ ਵਾਲੀ ਰੀਤ ਮੂਲੋਂ ਹੀ ਮੁਕਾ ਦਿਤੀ ।

(ਅ) ਬਿਪ੍ਰਨ ਕੀ ਰੀਤ ਅਨੁਸਾਰ ਦਾਨ ਲੈਣ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਹੀ ਹੈ ਪਰ ਗੁਰੂ ਮਹਾਰਾਜ ਨੇ ਜਿੱਥੇ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਕਹੀ ਉਥੇ :-

''ਸਭਨਾ ਨੋ ਕਰਿ ਦਾਨ''

ਕਿਹਾ ਅਤੇ ਸਿੱਖਾਂ ਵਲ ਇਸ਼ਾਰਾ ਕਰਦਿਆਂ ਕਿਹਾ :-

ਦਾਨ ਦਯੋ ਇਨ ਹੀ ਕੋ ਭਲੋ
ਅਰ ਔਰ ਕੋ ਦਾਨ ਨ ਲਾਗਤ ਨੀਕੋ।।
ਆਗੈ ਫਲੈ ਇਨ ਹੀ ਕੋ ਦੀਉ
ਜਗ ਮਹਿ ਜਸ ਔਰ ਦੀਯੋ ਸਭ ਫੀਕੋ ।

(ੲ) ਬਿਪ੍ਰਨ ਕੀ ਰੀਤ ਅਨੁਸਾਰ ਸੂਤਕ ਮੰਨੇ । ਪਰ ਇਧਰ ਸਿੱਖ ਲਈ ਗੁਰ ਹੁਕਮ ਹੈ 'ਸਭੋ ਸੂਤਕੁ ਭਰਮੁ ਹੈ ।'

(ਸ) ਬਿਪ੍ਰਨ ਕੀ ਰੀਤ ਅਨੁਸਾਰ ਪਿਤਰ ਪੂਜਨੇ, ਸ਼ਰਾਧ ਕਰਨੇ ਬੜੇ ਜ਼ਰੂਰੀ ਹਨ ਪਰ ਇਧਰ ਗੁਰੂ ਮਹਾਰਾਜ ਗੁਰਬਾਣੀ 'ਚ ਇਨ੍ਹਾਂ ਦਾ ਭਰਵਾਂ ਖੰਡਨ ਕਰਦੇ ਹਨ ਜਿਸ ਕਰਕੇ ਸਿੱਖ ਇਹ ਕੁਝ ਕਰਨਾ ਮਨਮਤ ਗਿਣਦੇ ਹਨ ।

(ਹ) ਬਿਪ੍ਰਨ ਦੀ ਰੀਤ ਅਨੁਸਾਰ ਥਿੱਤਾਂ ਵਾਰ ਅਨੁਸਾਰ ਵਰਤ ਰਖਣੇ ਰਖਾਉਣੇ ਤੇ ਰਮਾਇਣ, ਮਹਾਂਭਾਰਤ, ਤੇ ਪੁਰਾਣਾਂ ਦੀ ਕਥਾ ਕਰਨੀ ਜ਼ਰੂਰੀ ਮਨੀ ਗਈ ਹੈ ਪਰ ਗੁਰਬਾਣੀ ਅਤੇ ਗੁਰਇਤਿਹਾਸ ਦੇ ਬੇਅੰਤ ਪ੍ਰਮਾਣਾ ਦੁਆਰਾ ਸਿਧ ਹੁੰਦਾ ਹੈ ਕਿ ਸਿੱਖ ਨੇ ਇਨ੍ਹਾਂ ਰੀਤਾਂ ਉਤੇ ਕਦਾਚਿਤ ਨਹੀਂ ਤੁਰਨਾ । ਸਿੱਖ ਅਖਾਉਣ ਵਾਲਿਆਂ ਨੂੰ ਗੁਰਬਾਣੀ ਦੀਆਂ ਹੇਠਲੀਆਂ ਪੰਗਤੀਆਂ ਹਮੇਸ਼ਾਂ ਯਾਦ ਰਖਣੀਆ ਚਾਹੀਦੀਆਂ ਹਨ ।

ਬਾਮਨੁ ਗੁਰੂ ਹੈ ਜਗਤ ਕਾ
ਭਗਤਨ ਕਾ ਗੁਰੂ ਨਾਹਿ ॥
ਅਤੇ -ਜਬ ਲਗ ਖਾਲਸਾ ਰਹੈ ਨਿਆਰਾ
ਤਬ ਲਗ ਤੇਜ ਦੀਓ ਮੈ ਸਾਰਾ
ਜਬ ਏਹ ਗਹੈ ਬਿਪਰਨ ਦੀ ਰੀਤਿ
ਮੈ ਨ ਕਰੂੰ ਇਨ ਕੀ ਪਰਤੀਤ । (ਦਸਮ ਪਾਤਸ਼ਾਹ).

## ੨੭. ਤਨਖਾਹ ਤੇ-ਤਨਖਾਹੀਆਂ

ਸਿੱਖ ਰਹਿਤ ਮਰਿਯਾਦਾ ਵਿਰੁਧ ਕਰਮ ਅਤੇ ਧਰਮ ਦੰਡ ਦਾ ਨਾਉ 'ਤਨਖਾਹ,ਹੈ । ਜੋ ਸਿੱਖ ਰਹਿਤ ਦੇ ਨੇਮਾਂ ਨੂੰ ਭੰਗ ਕਰਦਾ ਹੈ, ਉਹ 'ਤਨਖਾਹੀਆਂ ਸਦੀਂਦਾ ਹੈ । ਇਸ ਸ਼ਬਦ ਦਾ ਮੂਲ ਇਹ ਹੈ ਕਿ ਜਿਸ ਵੇਲੇ ਪੰਜਾਬ ਦੇ ਮੁਸਲਮਾਨ ਹਾਕਿਮਾਂ ਨੇ ਅਮਨ ਕਾਇਮ ਕਰਨ ਲਈ ਸਿੱਖਾਂ ਨਾਲ ਜ਼ਾਹਿਰਾ ਮੇਲ ਕਰ ਲਿਆ ਅਤੇ ਕਈ ਸਿੱਖਾਂ ਨੂੰ ਚੰਗੀ ਤਨਖਾਹ ਦੇ ਕੇ ਸਰਕਾਰੀ ਨੌਕਰੀਆਂ ਦੇ ਦਿਤੀਆਂ ਤਾਂ ਅਣਖੀਲੇ ਸਿੰਘਾਂ ਨੇ ਇਨ੍ਹਾਂ ਆਪਣੇ ਭਾਈਆਂ ਦਾ ਇਹ ਕਰਮ ਘ੍ਰਿਣਾ ਯੋਗ ਜਾਣ ਕੇ ਨੌਕਰ ਸਿੱਖਾਂ ਦੀ ਅੱਲ ਤਨਖਾਹੀਆਂ ਥਾਪ ਦਿਤੀ, ਕੁਝ ਸਮੇਂ ਮਗਰੋਂ ਧਰਮ ਦੀ ਮਰਿਯਾਦਾ ਵਿਰੁਧ ਕਰਮ ਕਰਨ ਵਾਲੇ ਨੂੰ ਤਨਖਾਹੀਆ ਕਿਹਾ ਜਾਣ ਲਗ ਪਿਆ । ਗੁਰੂ ਘਰ ਵਿਚ ਤਨਖਾਹੀਏ ਇਹ ਮੰਨੇ ਗਏ ਹਨ :-

1. ਮੀਣੇ ਜੋ ਮਨ ਦਾ ਕਪਟ ਪ੍ਰਗਟ ਨਾ ਹੋਣ ਦੇਣ । ਭਾ: ਗੁਰਦਾਸ ਜੀ ਨੇ ਇਹ ਸ਼ਬਦ ਪ੍ਰਿਥੀ ਚੰਦ ਲਈ ਪਹਿਲੀ ਵਾਰ

ਵਰਤਿਆ ਸੀ

2. ਮਸੰਦ : ਗੁਰੂ ਰਾਮਦਾਸ ਜੀ ਨੇ ਧਰਮ ਪ੍ਰਚਾਰ ਅਤੇ ਗੁਰੂ ਘਰ ਦੀ ਕਾਰ ਭੇਟ ਇਕਠੀ ਕਰਨ ਲਈ ਜੋ ਗੁਰਮੁਖ ਸਿੱਖ ਥਾਪੇ ਸਨ, ਸਮਾਂ ਪਾਕੇ ਮਗਰੋ ਬਹੁਤ ਵਿਗੜ ਗਏ ਸਨ । ਦਸਮ ਪਾਤਸ਼ਾਹ ਨੇ ਇਹ ਪ੍ਰਥਾ ਬੰਦ ਕਰ ਦਿਤੀ ਸੀ ਅਤੇ ਇਨ੍ਹਾਂ ਲੋਕਾਂ ਨਾਲ ਮਿਲਵਰਤਨ ਕਰਨ ਦੀ ਮਨਾਹੀ ਕਰ ਦਿਤੀ ਸੀ ।

3. ਧੀਰਮਲ ਅਤੇ ਰਾਮਰਾਏ ਦੀ ਔਲਾਦ ਜਾਂ ਇਨ੍ਹਾਂ ਨੂੰ ਗੁਰੂ ਮੰਨਣ ਵਾਲਿਆਂ ਨੂੰ ਧੀਰਮਲੀਏ ਅਤੇ ਰਾਮ ਰਾਈਏ ਕਿਹਾ ਗਿਆ ਹੈ ।

4. ਨੜੀ ਮਾਰ- ਤੰਬਾਕੂ ਹੁੱਕਾ ਪੀਣਵਾਲੇ ।

5. ਕੁੜੀ ਮਾਰ- ਜੋ ਕੁੜੀ ਨੂੰ ਜੰਮਦਿਆਂ ਹੀ ਮਾਰ ਦੇਣ ਵਾਲੇ ਜਾਂ ਵਿਆਹੀ ਹੋਈ ਕੰਨਿਆਂ ਨੂੰ ਤਾਹਨੇ-ਮਿਹਣੇ ਮਾਰ-ਮਾਰ ਕੇ ਦੁੱਖੀ ਕਰ ਕੇ ਉਸ ਨੂੰ ਖੁਦਕਸ਼ੀ ਕਰਨ ਲਈ ਮਜਬੂਰ ਕਰਦੇ ਹਨ ।

6. ਸਿਰ ਗੁੰਮ = ਕੇਸ ਦਾਹੜੀ ਕਤਰਨ- ਮੁੰਨਣ ਵਾਲੇ ਜਾਂ ਉਨ੍ਹਾਂ ਵਿਚੋ ਸਫੈਦ ਵਾਲ ਤੋੜਦੇ ਜਾਂ ਹਟਾਂਦੇ ਹਨ ।

7. ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲੇ ।

8. ਕੇਸ ਦਾਹੜੀ ਰੰਗਣ ਵਾਲੇ ।

9. ਪੁਤਰ-ਧੀ ਦਾ ਰਿਸ਼ਤਾ ਪੈਸੇ ਦੇ ਕੇ ਜਾਂ ਲੈ ਕੇ ਕਰਨ ਵਾਲੇ ।

10. ਸ਼ਰਾਬ,ਅਫੀਮ,ਭੰਗ, ਪੋਸਤ ਆਦਿ ਨਸ਼ਾ ਪੀਣ ਵਾਲੇ ।

11. ਗੁਰਮਤਿ ਵਿਰੋਧੀ ਸੰਸਕਾਰ ਕਰਨ ਵਾਲੇ ।
12. ਰਹਿਤ ਵਿਚ ਕੋਈ ਭੁਲ ਕਰਨ ਵਾਲੇ ।

### ਕੁਝ ਬਖਸ਼ਨ -ਬਖਸ਼ਾਉਣ ਦਾ ਢੰਗ :-

ਤਨਖਾਹੀਆ ਨੇੜੇ ਦੀ ਗੁਰ ਸੰਗਤ ਪਾਸ ਜਾਂ ਸੰਗਤ ਵਿਚ ਸਨਮੁਖ ਖੜੇ ਹੋ ਕੇ ਭੁਲ ਮੰਨੇ । ਗੁਰ ਸੰਗਤ ਵਿਚੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ ਅਤੇ ਉਹ ਪਿਆਰੇ ਪੇਸ਼ ਹੋਏ ਸਜਣ ਦੀ ਭੁਲ ਨੂੰ ਵਿਚਾਰ ਕੇ ਗੁਰ ਸੰਗਤ ਪਾਸ ਤਨਖਾਹ (ਦੰਡ) ਤਜਵੀਜ ਕਰਨ । ਸਿੱਖ ਨੂੰ ਬਖਸ਼ਣ-ਬਖਸ਼ਾਉਣ ਵੇਲੇ ਹੱਠ ਨਹੀ ਕਰਨਾ ਨਾਂਹ ਹੀ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ ।

ਜੋ ਲੋਕ ਤਨਖਾਹ ਲੁਆ ਕੇ ਵੀ ਇਹ ਕਹਿੰਦੇ ਹਨ ਕਿ ਉਹਨਾਂ ਦੇ ਜ਼ਿੰਮੇ ਸੇਵਾ ਲਗੀ ਹੈ, ਉਹ ਮੁਢੋਂ ਘੁਥੇ ਹੋਏ ਹਨ । ਸੇਵਾ ਉਹ ਹੈ ਜੋ ਆਪਣੀ ਇੱਛਾ ਅਨੁਸਾਰ ਕੀਤੀ ਜਾਏ । ਪਰ ਜੋ ਦੰਡ ਰੂਪ ਵਿਚ ਤਨਖਾਹ ਲਾਈ ਜਾਂਦੀ ਹੈ, ਉਸ ਨੂੰ ਸੇਵਾ ਨਹੀਂ ਕਿਹਾ ਜਾ ਸਕਦਾ ।

## ੨੮ ਗੋਲਕ

ਦਸਵੰਧ ਆਦਿ ਗੁਰੂ ਅਰਥ ਅਰਪਣ ਕੀਤੀ ਰਕਮ ਜਿਸ ਬਰਤਨ ਵਿਚ ਰਖੀ ਜਾਵੇ ਉਸਦਾ ਨਾਉਂ 'ਗੋਲਕ' ਹੈ । ਪੁਰਾਣੇ ਸਮੇਂ ਸਿੱਖ ਘਰਾਂ ਵਿਚ ਅਜੇਹਾ ਇਕ ਬਰਤਨ ਰਹਿੰਦਾ ਸੀ ਜਿਸ ਵਿਚ ਸਮੇਂ ਸਮੇਂ ਸਿਰ ਪਾਈ ਹੋਈ ਰਕਮ ਕਿਸੇ ਨਿਯਤ ਦਿਨ ਕਢ ਕੇ ਸਿੱਖ ਧਰਮ ਦੀ ਬ੍ਰਿਧੀ ਤੇ ਧਰਮ ਪ੍ਰਚਾਰ ਲਈ ਗੁਰੂ ਪੰਥ

ਦੇ ਹਵਾਲੇ ਕੀਤੀ ਜਾਇਆ ਕਰਦੀ ਸੀ । ਹੁਣ ਕੇਵਲ ਗੁਰਦੁਆਰਿਆਂ ਵਿਚ ਗੋਲਕ ਰੱਖਣ ਦਾ ਰਿਵਾਜ ਹੈ । ਇਸ ਗੋਲਕ ਦੀ ਅਯੋਗ ਵਰਤੋਂ ਕਾਰਨ ਧਰਮ ਦਾ ਪ੍ਰਚਾਰ ਨਹੀਂ ਹੋ ਰਿਹਾ, ਸਗੋਂ ਧੜੇ-ਬੰਦੀ ਤੇ ਚੌਧਰ ਦੀ ਭਾਵਨਾ ਵਧੇਰੇ ਪ੍ਰਬਲ ਹੋ ਰਹੀ ਹੈ । ਕਿੰਨਾ ਚੰਗਾ ਹੋਵੇ ਜੇ ਪੁਰਾਤਨ ਗੁਰਸਿੱਖਾਂ ਵਾਂਗ ਘਰਾਂ ਵਿਚ 'ਗੋਲਕ'ਰਖ ਕੇ ਜਾਂ ਨਾਲ ਦੀ ਨਾਲ ਦਸਵੰਧ ਦੀ ਰਕਮ ਇੱਕਠੀ ਕਰਕੇ ਧਰਮ ਪ੍ਰਚਾਰ ਹਿਤ ਖਰਚੀ ਜਾਏ ।

## ੨੯. ਖੇੜੇ (ਪਥਰ) ਦੀ ਪੂਜਾ

ਸਿੱਖ ਧਰਮ ਵਿਚ ਕੇਵਲ ਇਕ ਅਕਾਲ ਪੁਰਖ ਦੀ ਅਰਾਧਨਾਂ ਦਾ ਵਿਧਾਨ ਹੈ । ਪਥਰ ਪੂਜਾ ਸਿੱਖ ਧਰਮ ਵਿਚ ਵਰਜਿਤ ਹੈ । ਗੁਰਬਾਣੀ ਦਾ ਫ਼ੁਰਮਾਣ ਹੈ :-

*ਜੋ ਪਾਥਰ ਕਉ ਕਹਤੇ ਦੇਵ ॥*
*ਤਾ ਕੀ ਬਿਰਥਾ ਹੋਵੈ ਸੇਵ ॥*
*ਜੋ ਪਾਥਰ ਕੀ ਪਾਂਈ ਪਾਇ ॥*
*ਤਿਸ ਕੀ ਘਾਲ ਅਜਾਂਈ ਜਾਇ ॥*
*ਨਾ ਪਾਥਰ ਬੋਲੈ ਨਾ ਕਿਛੁ ਦੇਇ ॥*
*ਫੋਕਟ ਕਰਮ ਨਿਹਫਲ ਹੈ ਸੇਵ ॥* *(ਭੈਰਉ ਮ: ੫)*

ਇਸ ਲਈ ਪੱਥਰਾਂ ਦੇ ਕਿਸੇ ਵੀ ਰੂਪ (ਖੇੜੇ) ਨੂੰ ਪੂਜਣਾ ਮਨਮਤ ਹੈ ।

## ੩੦. ਕ੍ਰਿਪਾਨ

ਕ੍ਰਿਪਾਨ ਸਿੱਖ ਦੇ ਆਜ਼ਾਦ ਜੀਵਨ ਦਾ ਪ੍ਰਤੀਕ ਹੈ ।

ਕ੍ਰਿਪਾਨਧਾਰੀ ਹੋਣਾ ਸੁਤੰਤਰਤਾ ਦਾ ਇਕ ਚਿੰਨ੍ਹ ਹੈ । ਦੁਨੀਆ ਭਰ ਦੀਆਂ ਹਕੂਮਤਾਂ ਹਰ ਸਮੇਂ ਸ਼ਸਤਰ ਉਤੇ ਆਪਣਾ ਵਸੀਕਾਰ ਰਖਦੀਆਂ ਰਹੀਆਂ ਹਨ । ਸ਼ਸਤਰ ਰਖਣ ਦੀ ਖੁਲ੍ਹ ਉਤੇ ਬੰਦਸ਼ਾਂ ਲਾਈਆਂ ਜਾਂਦੀਆਂ ਰਹੀਆ ਹਨ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕ੍ਰਿਪਾਨ ਨੂੰ ਨਿਤਾ ਪ੍ਰਤੀ ਸਿੱਖ ਰਹਿਣੀ ਦਾ ਅੰਗ ਬਣਾ ਦੇਣਾ, ਸਿੱਖ ਦੇ ਸੁਤੰਤਰ ਜੀਵਨ ਦਾ ਪ੍ਰਤੀਕ ਹੈ ।

ਆਤਮਕ ਤੌਰ ਤੇ ਸਿੱਖ ਕੇਵਲ ਇਕ ਅਕਾਲਪੁਰਖ (ਵਾਹਿਗੁਰੂ) ਦੀ ਹਕੂਮਤ ਨੂੰ ਹੀ ਸਵੀਕਾਰ ਕਰਦਾ ਹੈ, ਹੋਰ ਕਿਸੇ ਨੂੰ ਨਹੀਂ । ਇਸੇ ਤਰ੍ਹਾਂ ਆਤਮਕ ਤੌਰ ਤੇ ਹਰ ਦੁਨਿਆਵੀ ਸਮਰਥਾ ਤੋਂ ਆਪਣੇ ਆਪ ਨੂੰ ਸੁਤੰਤਰ ਮੰਨਦਾ ਉਸੇ ਕ੍ਰਾਂਤੀ ਦਾ ਫਲ ਸਰੂਪ ਹੈ ਜੋ ਗੁਰੂ ਸਾਹਿਬ ਨੇ ਸਦੀਆਂ ਦੇ ਕੁਚਲੇ ਹੋਏ ਭਾਰਤੀਆਂ ਅੰਦਰ ਲਿਆਂਦੀ ਸੀ । ਉਸ ਸੁੰਤਤਰਤਾ ਦੀ ਨਿਸ਼ਾਨੀ ਕ੍ਰਿਪਾਨ ਹੈ ਜੋ ਹਰ ਸਮੇਂ ਆਜ਼ਾਦ ਜੀਵਨ ਜੀਉਣ ਤਥਾ ਕਿਸੇ ਜਾਬਰ ਦੀ ਈਨ ਨਾਂਹ ਮੰਨਣ ਦੀ ਹਮੇਸ਼ਾ ਚਿਤਾਉਣੀ ਦੇਂਦੀ ਹੈ ।

ਇਸ ਤਰ੍ਹਾਂ ਇਹ ਆਜ਼ਾਦ ਜੀਵਨ ਦੀ ਮਹਾਨ ਵੱਡੀ ਪ੍ਰਤੀਕ ਹੈ । ਇਹ ਇਸ ਗਲ ਦੀ ਨਿਸ਼ਾਨੀ ਵੀ ਹੈ ਕਿ ਸਿੱਖ ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਦੀ ਈਨ ਨਹੀਂ ਮੰਨਦਾ ।

1922 ਵਿਚ ਕ੍ਰਿਪਾਨ ਦੀ ਪਾਬੰਦੀ ਖਤਮ ਕਰਾਉਣ ਲਈ (ਅੰਗ੍ਰੇਜ਼ਾਂ ਸਮੇਂ) ਸਿੱਖ ਕੌਮ ਨੇ ਮੋਰਚਾ ਲਾਇਆ ਤੇ ਫਤਹਿ ਹਾਸਲ ਕੀਤੀ । ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕਿਹਾ ਹੋਇਆ ਸੀ :-

ਬਿਨਾਂ ਸ਼ਸਤਰ ਕੇਸੰ ਦੇਵੈ ਨਾ ਦੀਦਾਰੇ

ਅਜ ਵੀ ਭਾਰਤ ਵਿਚ,ਅਮਰੀਕਾ ਤੇ ਹੋਰ ਪਛਮੀ ਦੇਸ਼ਾਂ ਵਿਚ ਬਿਨਾਂ ਲਾਇਸੈਂਸ ਕ੍ਰਿਪਾਨ ਰਖਣ ਦੀ ਖੁਲ੍ਹ ਨਹੀਂ ਹੈ ਪਰ ਗੁਰੂ ਦੇ ਸਿੱਖ ਸ਼ਰੇਆਮ ਕ੍ਰਿਪਾਨ ਪਾ ਕੇ ਫਿਰਦਾ ਹੈ ਜੋ ਸਿੱਖ ਦੇ ਆਜ਼ਾਦ ਜੀਵਨ ਦੀ ਹੀ ਨਿਸ਼ਾਨੀ ਹੈ ।

## ੩੧. ਸਿਰੋਪਾ

ਸਿਰੋਪਾ ਗੁਰੂ ਘਰ ਵਲੋਂ ਕਿਸੇ ਐਸੇ ਵਿਅਕਤੀ ਨੂੰ ਬਖਸ਼ਿਆ ਜਾਂਦਾ ਹੈ ਜਿਸ ਦੀ ਕਰਨੀ ਉੱਤਮ ਹੋਵੇ ਅਤੇ ਉਸ ਨੇ ਸਿੱਖ ਪੰਥ ਲਈ ਕੋਈ ਤਕੜੀ (ਕਰੜੀ) ਘਾਲਣਾ ਘਾਲੀ ਹੋਵੇ ।

ਸਿਰੋਪਾ ਬਖਸ਼ਸ਼ ਕਰਨ ਵਾਲਾ ਵੀ ਉੱਚੀ ਕਰਨੀ ਦਾ ਮਾਲਕ ਹੋਣਾ ਚਾਹੀਦਾ ਹੈ । ਪਰ ਅਜ ਕਲ ਆਮ ਵੇਖਣ ਵਿਚ ਆਉਂਦਾ ਹੈ ਕਿ ਗੁਰਦੁਆਰਿਆਂ ਵਿਚ ਸਿਰੋਪਾ ਉਨ੍ਹਾਂ ਲੋਕਾਂ ਨੂੰ ਬਖਸ਼ੇ ਜਾ ਰਹੇ ਹਨ ਅਤੇ ਉਹ ਲੋਕ ਬਖਸ਼ ਰਹੇ ਹਨ ਜੋ ਗੁਰਸਿੱਖੀ ਜੀਵਨ ਵਾਲੇ ਨਹੀਂ । ਮਾਇਆਧਾਰੀ ਚੌਧਰੀ, ਪਤਿਤ ਅਤੇ ਸਿੱਖੀ ਜੀਵਨ ਤੋਂ ਗਿਰੇ ਮਨੁਖ ਨੂੰ ਵੀ ਇਹ ਸਤਿਕਾਰ ਦੇਣਾ 'ਸਿਰੋਪਾ' ਦੀ ਨਿਰਾਦਰੀ ਹੈ । ਸੰਗਤਾਂ ਨੂੰ ਇਸ ਪਾਸਿਓ ਵੀ ਸੁਚੇਤ ਹੋਣ ਦੀ ਲੋੜ ਹੈ ।

## ੩੨. ਗੁਰਮਤਿ ਦੇ ਰਸਾਲੇ ਰਦੀ ਦੇ ਰੂਪ 'ਚ

ਗੁਰਮਤਿ ਸਬੰਧੀ ਪੁਸਤਕਾਂ, ਮੈਗਜ਼ੀਨ ਆਦਿ ਕਦੀ ਵੀ ਰੱਦੀ ਵਿਚ ਨਾ ਵੇਚੋ, ਸਗੋਂ ਇਨ੍ਹਾਂ ਨੂੰ ਪੜ੍ਹਨ ਲਈ ਅਗੋਂ ਤੋਂ

ਅਗੋਂ ਹੋਰਨਾਂ ਨੂੰ ਦੇਈ ਜਾਓ । ਇਸ ਨਾਲ ਜਿਥੇ ਗੁਰਮਤਿ ਦਾ ਪ੍ਰਚਾਰ ਹੁੰਦਾ ਹੈ, ਉਥੇ ਸੇਵਾ ਵੀ ਹੁੰਦਾ ਹੈ । ਗੁਰਮਤਿ ਮੈਗਜ਼ੀਨਾਂ ਦੀਆਂ ਜਿਲਦਾਂ ਕਰਵਾ ਕੇ ਲਾਇਬ੍ਰੇਰੀਆਂ ਵਿਚ ਪਾਠਕਾਂ ਦੇ ਪੜ੍ਹਨ ਲਈ ਰਖੀਆਂ ਜਾਂ ਸੱਕਦੀਆਂ ਹਨ ।

## ੩੩. ਸ੍ਰੀ ਗੁਰ ਗ੍ਰੰਥ ਸਾਹਿਬ ਦੇ ਵਧ ਸਰੂਪ

ਦੀਵਾਨ ਅਸਥਾਨ ਤੇ ਇਕੋ ਸਮੇਂ ਇਕ ਤੋਂ ਵਧ ਸਰੂਪ ਰਖਣਾ ਉਚਿਤ ਨਹੀਂ ਹੈ । ਪਾਠ ਕਰਨ ਵਾਲੇ ਪ੍ਰੇਮੀਆਂ ਲਈ ਨਿਵੇਕਲਾ ਕਮਰਾ ਹੋਣਾ ਚਾਹੀਦਾ ਹੈ ਜਿਥੇ ਇਕ ਤੋਂ ਵਧ ਸਰੂਪ ਪ੍ਰਕਾਸ਼ ਕੀਤੇ ਜਾ ਸਕਦੇ ਹਨ ਤਾਂ ਜੋ ਪ੍ਰੇਮੀ ਜਨ ਪਾਠ ਕਰ ਸਕਣ ।

## ੩੪. ਭਾਨ ਚੁਕਣਾ

ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਵਡਾ ਨੋਟ ਰਖ ਕੇ ਛੋਟੇ ਨੋਟ ਚੁਕਣੇ ਜਾਂ ਭਾਨ ਚੁਕਣਾ ਬਿਲਕੁਲ ਸ਼ੋਭਾ ਨਹੀਂ ਦੇਂਦਾ । ਜੋ ਵੀ ਗੁਰੂ ਅੱਗੇ ਭੇਟਾ ਕਰਨੀ ਹੈ ਉਹ ਘਰੋਂ ਹੀ ਲੈ ਕੇ ਆਉਣੀ ਚਾਹੀਦੀ ਹੈ । ਜਾਂ ਫਿਰ ਬਾਹਿਰ ਵਾਰ ਪ੍ਰਬੰਧਕ ਭਾਨ ਤੁੜਾਉਣ ਦਾ ਪ੍ਰਬੰਧ ਕਰਨ । ਕਈ ਬੀਬੀਆਂ ਤੇ ਬੱਚੇ ਨੋਟ ਅਗੇ ਰਖ ਕੇ ਕਈ ਵਾਰ ਭਾਨ ਗਿਣਨ ਲਈ ਬੈਠੇ ਜਾਂਦੇ ਹਨ ਜਿਸ ਨਾਲ ਸੰਗਤ ਦੀ ਇਕਾਗਰਤਾ ਵਿਚ ਵੀ ਫਰਕ ਪੈਂਦਾ ਹੈ ਅਤੇ ਮਥਾ ਟੇਕਣ ਵਾਲਿਆਂ ਨੂੰ ਵੀ ਮੁਸ਼ਕਲ ਹੁੰਦੀ ਹੈ । ਮਥਾ ਟੇਕਣ ਸਮੇਂ ਭੇਟਾ ਸਹਿਜ ਨਾਲ ਅਦਬ ਸਤਿਕਾਰ ਨਾਲ ਰਖੋ । ਦੂਰੋ ਵਗ੍ਹਾ ਕੇ ਕਦੀ ਨ ਸੁਟੋ ।

## ੩੫. ਪਾਠ ਕਰਨ ਸਮੇਂ

ਕਈ ਪਾਠੀ ਸਿੰਘ ਪਾਠ ਕਰਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਪੈਰਾਂ ਦੀਆਂ ਉਂਗਲਾਂ ਪਕੜਦੇ ਹਨ ਜਾਂ ਰੁਮਾਲ ਨਾਲ ਨਕ ਸਾਫ ਕਰਦੇ ਹਨ ਤੇ ਫਿਰ ਉਹਨਾਂ ਹੀ ਹੱਥਾਂ ਨਾਲ ਪੰਨੇ ਪਰਤਦੇ ਹਨ । ਸਵੱਛਤਾ ਅਤੇ ਆਦਰ ਦੇ ਦ੍ਰਿਸ਼ਟੀ ਕੋਣ ਤੋਂ ਇਸ ਤਰ੍ਹਾਂ ਕਰਨਾ ਬਿਲਕੁਲ ਠੀਕ ਨਹੀਂ ਹੈ । ਪਾਠ ਸਾਵਧਾਨ ਹੋ ਕੇ ਕਰਨਾ ਚਾਹੀਦਾ ਹੈ । ਪੀਹੜੇ ਉਤੇ ਕੂਹਣੀ ਰਖ ਕੇ ਪਾਠ ਕਰਨਾ ਠੀਕ ਨਹੀਂ ਹੈ ।

## ੩੬. ਮੂਲ -ਮੰਤਰ

ਸਿੱਖੀ ਦਾ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਇਸਤਰ੍ਹਾਂ ਦਰਜ ਹੈ ।

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਇਸ ਵਿਚ ਅਕਾਲ ਪੁਰਖ ਦੇ ਸਰੂਪ ਅਤੇ ਗੁਣਾਂ ਦਾ ਵਰਣਨ ਹੈ । ਮੂਲ ਮੰਤਰ ਦਾ ਭਾਵ ਸਿੱਖੀ ਦਾ ਮੁਢਲਾ ਉਪਦੇਸ਼ ਵੀ ਹੈ ।

ਗੁਰਪ੍ਰਸਾਦਿ ਨੂੰ ਗੁਰਪਸ਼ਾਦਿ ਨਹੀਂ ਪੜ੍ਹਨਾ ਚਾਹੀਦਾ ਅਤੇ ੴ ਨੂੰ ਇਕ-ਓ-ਅੰਕਾਰ ਪੜ੍ਹਨਾ ਚਾਹੀਦਾ ਹੈ ।

## ੩੭. ਪ੍ਰਕਾਸ਼ ਤੇ ਸੈਂਚੀਆਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵਖਰੇ ਤੇ ਸਾਫ ਸੁਥਰੇ ਸੁਹਣੇ ਜਿਹੇ ਕਮਰੇ ਵਿਚ ਚਾਣਨੀ (ਚੰਦੋਆ) ਆਦਿ ਲਗਾ ਕੇ ਪੂਰੇ ਸਤਿਕਾਰ ਅਤੇ ਮਰਿਯਾਦਾ ਅਨੁਸਾਰ ਹੀ ਹੋਣਾ ਚਾਹੀਦਾ ਹੈ। ਸਟੋਰਾਂ ਚ' ਪਉੜੀਆਂ ਹੇਠਾਂ ਤੰਗ ਥਾਵਾਂ ਜਾਂ ਰਸਤਿਆਂ 'ਚ ਪ੍ਰਕਾਸ਼ ਕਰਨਾ ਬੇਅਦਬੀ ਹੈ।

ਗੁਰਬਾਣੀ ਦੀਆਂ ਸੈਂਚੀਆਂ ਅਤੇ ਗੁਟਕੇ ਆਦਿ ਸਾਫ ਰੁਮਾਲਿਆਂ ਵਿਚ ਲਪੇਟ ਕੇ ਕਿਸੇ ਅਲਮਾਰੀ ਦੇ ਉਪਰਲੇ ਖਾਨੇ ਜਾਂ ਸਤਿਕਾਰ ਵਾਲੀ ਉਚੀ ਥਾਂ ਤੇ ਰਖਣੇ ਚਾਹੀਦੇ ਹਨ। ਪਾਠ ਕਰਨ ਸਮੇਂ ਸੈਂਚੀ ਰੇਹਲ ਤੇ ਰਖ ਕੇ ਪਾਠ ਕਰਨਾ ਜ਼ਿਆਦਾ ਠੀਕ ਰਹਿੰਦਾ ਹੈ।

## ੩੮. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ

ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ (ਤਾਬੇਂ) ਬੈਠ ਕੇ ਕੇਵਲ ਗੁਰ-ਸ਼ਬਦ ਦੀ ਕਥਾ-ਵੀਚਾਰ ਕਰਨ ਦੀ ਹੀ ਰਵਾਇਤ ਹੈ। ਧਾਰਮਕ ਲੈਕਚਰ ਅਦਿ ਵਖਰੀ ਸਟੇਜ ਤੇ ਬੈਠ ਕੇ ਜਾਂ ਖੜੇ ਕੇ ਹੋਣੇ ਚਾਹੀਦੇ ਹਨ। ਇਹ ਵਖਰੀ ਸਟੇਜ ਗੁਰੂ ਸਾਹਿਬ ਦੀ ਸਟੇਜ ਨਾਲੋਂ ਨੀਵੀਂ ਤੇ ਵਖਰੀ ਸਜੇ ਪਾਸੇ ਵਲ ਹੋਣੀ ਚਾਹੀਦੀ ਹੈ, ਜਿਵੇਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੀ ਥਾਂ ਨਾਲੋਂ ਵਖਰੀ ਥਾਂ, ਸੱਜੇ ਪਾਸੇ ਰਾਗੀ ਸਿੰਘ

ਕੀਰਤਨ ਕਰਦੇ ਹਨ । ਪ੍ਰਕਾਸ਼ ਵਾਲੀ ਥਾਂ ਤੇ ਰਾਗੀ ਸਿੰਘਾਂ ਦੀ ਸਟੇਜ ਇਕੋ ਨਹੀਂ ਹੋਣੀ ਚਾਹੀਦੀ ।

## ੩੯. ਰਹਰਾਸਿ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਹਰਾਸਿ ਦਾ ਆਰੰਭ 'ਸੋ ਦਰੁ ਤੇਰਾ ਕੇਹਾ' ਤੋਂ ਹੁੰਦਾ ਹੈ (ਦੁਖ ਦਾਰੂ ਸੁਖ ਰੋਗ ਤੋਂ ਨਹੀਂ) ਇਸ ਲਈ ਸਾਨੂੰ ਸਾਰਿਆਂ ਨੂੰ ਵੀ ਇਹ ਪਾਠ 'ਸੋ ਦਰ' ਤੋਂ ਹੀ ਕਰਨ੍ਹਾ ਚਾਹੀਦਾ ਹੈ । ਇਸ ਤਰਾਂ ਚੋਪਈ 'ਹਮਰੀ ਕਰੋ' ਤੋਂ ਸ਼ੁਰੂ ਕਰਨੀ ਚਾਹੀਦੀ ਹੈ ਨਾ ਕਿ 'ਪੁਨ ਰਾਛਸ' ਤੋਂ।

## ੪੦. ਸੋਹਿਲਾ

ਰਾਤ ਨੂੰ ਸੋਣ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੋਹਿਲਾ' ਲਿਖਿਆ ਹੋਇਆ ਹੈ (ਕੀਰਤਨ ਸੋਹਿਲਾ ਨਹੀਂ) ਇਸ ਲਈ ਸਾਨੂੰ ਸਾਰਿਆਂ ਨੂੰ ਵੀ 'ਸੋਹਿਲਾ' ਹੀ ਕਹਿਣਾ ਚਾਹੀਦਾ ਹੈ 'ਕੀਰਤਨ ਸੋਹਿਲਾ' ਨਹੀਂ ।

## ੪੧. ਸੰਸਕਾਰ (ਪੰਜ)

ਸਿੱਖ ਆਪਣੇ ਜੀਵਨ ਵਿਚ ਆਮ ਕਰਕੇ ਹੇਠ ਲਿਖੇ ਪੰਜ ਸੰਸਕਾਰ ਕਰਦਾ ਹੈ :-

ਸਿੱਖ ਰਹਿਤ ਮਰਿਯਾਦਾ ਅਨੁਸਾਰ ਇਹ ਸੰਸਕਾਰ ਇਸ ਤਰ੍ਹਾਂ ਹੋਣੇ ਚਾਹੀਦੇ ਹਨ :-

1. ਜਨਮ ਸੰਸਕਾਰ :- ਜਦ ਬਚਾ ਜਨਮ ਲੈਂਦਾ ਹੈ । ਉਸ ਨੂੰ

ਗੁੜਤੀ ਇਸ ਤਰ੍ਹਾਂ ਦੇਣੀ ਚਾਹੀਦੀ ਹੈ ਕਿ ਕੋਲੀ ਵਿਚ ਥੋੜਾ ਜਿਹਾ ਜਲ ਲੈ ਕੇ ਇਕ ਪਤਾਸਾ ਪਾਓ ਅਤੇ ਸਿਰੀ ਸਾਹਿਬ ਫੇਰਦੇ ਹੋਏ ਜਪੁਜੀ ਸਾਹਿਬ ਦਾ ਪਾਠ ਪ੍ਰੇਮ ਨਾਲ ਇਕਾਗਰ ਚਿਤ ਹੋ ਕੇ ਕਰਨ ਦੀ ਕੋਸ਼ਿਸ਼ ਕਰਦਿਆਂ ਪਾਠ ਸੰਪੂਰਨ ਹੋਣ ਤੇ ਸਿਰੀ ਸਾਹਿਬ ਦੀ ਨੋਕ ਨਾਲ ਹੀ ਕੁਝ ਬੂੰਦਾਂ ਬਚੇ ਦੇ ਮੂੰਹ 'ਚ ਪਾਓ ਅਤੇ ਬਾਕੀ ਜਲ ਮਾਤਾ ਨੂੰ ਛਕਾ ਦਿਤਾ ਜਾਏ ।

2. **ਵਿਦਿਆ ਸੰਸਕਾਰ** : ਜਦੋਂ ਬਚਾ ਵਿਦਿਆ ਪੜ੍ਹਨ ਯੋਗ ਹੋ ਜਾਵੇ ਤਾਂ ਦੁਨਿਆਵੀ ਵਿਦਿਆ ਦੇ ਨਾਲ ਨਾਲ ਉਸ ਨੂੰ ਧਾਰਮਕ ਵਿਦਿਆ ਵੀ ਨਾਲ ਦੀ ਨਾਲ ਦੇਣ ਦਾ ਉਪਰਾਲਾਂ ਸ਼ੁਰੂ ਕਰ ਦੇਣਾ ਜ਼ਰੂਰੀ ਹੈ । ਥੋੜਾ ਥੋੜਾ ਪਾਠ ਦਸ ਗੁਰੂ ਸਾਹਿਬਾਨ ਦੇ ਨਾਮ, ਚਾਰ ਸਾਹਿਬਜ਼ਾਦੇ, ਪੰਜ ਪਿਆਰਿਆਂ, ਪੰਜਾਂ ਤਖਤਾਂ ਦਾ ਗਿਆਨ ਸਹਿਜ ਨਾਲ ਉਸ ਦੀ ਉਮਰ ਅਨੁਸਾਰ ਮਤਵਾਤਰ ਜਾਰੀ ਰਖਿਆ ਜਾਣਾ ਜ਼ਰੂਰੀ ਹੈ ।

3. **ਅੰਮ੍ਰਿਤ ਸੰਸਕਾਰ**: ਜਦ ਬੱਚਾ ਜਾਂ ਬੱਚੀ ਪੂਰੀ ਤਰ੍ਹਾਂ ਅਪਣਾ ਆਪ ਸਾਂਭਣ ਯੋਗ ਹੋ ਜਾਏ ਅਤੇ ਨਿਤਨੇਮ ਦੀ ਸੰਥਿਆ ਪੂਰੀ ਕਰ ਲੇਵੇ ਤਾਂ ਪੰਜਾਂ ਪਿਆਰਆਂ ਤੋਂ ਅੰਮ੍ਰਿਤ ਛਕਾਉਣਾ ਚਾਹੀਦਾ ਹੈ ।

4. **ਵਿਵਾਹ ਸਸਕਾਰ** : ਜਦੋਂ ਬੱਚਾ-ਬੱਚੀ ਬਾਲਗ ਹੋ ਜਾਣ ਤਾਂ ਬੱਚੇ ਲਈ ਯੋਗ ਅੰਮ੍ਰਿਤਧਾਰੀ ਬੀਬੀ ਅਤੇ ਬੀਬੀ ਲਈ ਯੋਗ ਅੰਮ੍ਰਿਤਧਾਰੀ ਵਰ ਭਾਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਚਾਰ ਲਾਵਾਂ ਪੜ੍ਹ ਕੇ ਅਤੇ ਹਰ ਲਾਂਵ ਪੜ੍ਹਨ ਮਗਰੋਂ ਪ੍ਰਕਰਮਾਂ ਜ਼ਰੂਰੀ ਕਰਵਾ ਕੇ, ਵਿਆਹ (ਅਨੰਦ ਕਾਰਜ) ਦੀ ਰਸਮ ਕਰ ਦੇਣੀ ਚਾਹੀਦੀ ਹੈ। ਅਨੰਦ ਕਾਰਜ ਦੀ ਰਸਮ ਬੜੀ ਸਾਦਾ ਹੋਣੀ ਚਾਹੀਦੀ ਹੈ। ਪ੍ਰਕਰਮਾਂ ਸਮੇਂ ਬੀਬੀ ਨੂੰ ਸਹਾਰਾ, ਦੇਣਾ, ਘੁੰਡ ਕਢਣਾ, ਕਲੇਰਾ ਆਦਿ ਪਹਿਨਣਾ ਤੇ ਹੋਰ ਹਾਰ ਸ਼ਿੰਗਾਰ ਕਰਨੇ ਜਿਥੇ ਮਨਮਤ ਹੈ ਉਥੇ ਲੜਕੇ ਲਈ ਸਿਹਰਾ ਬੰਨ੍ਹ ਕੇ ਜਾਂ ਕਲਗੀ ਆਦਿ ਲਗਾ ਕੇ ਗੁਰੂ ਦਰ ਤੇ ਆਉਣਾ, ਸਿਹਰੇ ਪਾਉਣ, ਸਿਰ ਵਾਰਨੇ ਕਰਨੇ ਜਾਂ ਜੋੜੀ ਲਈ ਉਚੇਰੇ ਗਦੇ ਲੈ ਆਦਿ ਦੀ ਵਡਿਆਈ ਕਰਨੀ ਨਿਰੀ ਮਨਮਤ ਹੈ। ਇਹ ਨਹੀਂ ਹੋਣੀ ਚਾਹੀਦੀ।

5. **ਅੰਤਿਮ ਸੰਸਕਾਰ** : ਪਰਾਣੀ ਦੇ ਚੜ੍ਹਾਈ ਕਰ ਜਾਣ ਤੇ ਪਿਟ ਸਿਆਪਾ ਕਰਨਾ ਮਨਮੱਤ ਹੈ । ਮਨ ਨੂੰ ਧੀਰਜ ਦੇਣ ਲਈ ਗੁਰਬਾਣੀ ਦਾ ਹੀ ਆਸਰਾ ਲਿਆ ਜਾਣਾ ਲਾਭਦਾਇਕ ਸਿੱਧ ਹੋ ਸਕਦਾ ਹੈ । ਇਸ

ਲਈ ਜਿਥੋਂ ਤਕ ਸੰਭਵ ਹੋ ਸਕੇ ਗੁਰਬਾਣੀ ਦਾ ਕੀਰਤਨ ਸ਼ੁਰੂ ਕਰਵਾ ਦੇਣਾ ਚਾਹੀਦਾ ਹੈ । ਜਦ ਤਕ ਕੀਰਤਨੀਏ ਸਿੰਘ ਪੁਜਦੇ ਹਨ ਤਦ ਤਕ ਬਾਣੀ ਦਾ ਪਾਠ ਕੋਈ ਵੀ ਸੱਜਨ ਸ਼ੁਰੂ ਕਰ ਦੇਵੇ ਅਤੇ ਜਦ ਤਕ ਸੰਸਕਾਰ ਲਈ ਲਿਜਾਣ ਦਾ ਪ੍ਰਬੰਧ ਨਹੀਂ ਹੋ ਜਾਂਦਾ, ਤਦ ਤਕ ਇਹ ਸਿਲਸਿਲਾਂ (ਪਾਠ ਜਾਂ ਕੀਰਤਨ) ਜਾਰੀ ਰਹਿਣਾ ਚਾਹੀਦਾ ਹੈ ।

ਸਸਕਾਰ ਲਈ ਲਿਜਾਣ ਤੋਂ ਪਹਿਲਾਂ ਆਮ ਕਰਕੇ ਮ੍ਰਿਤਕ ਦੇ ਇਸ਼ਨਾਨ ਕਰਕੇ ਬਸਤਰ ਬਦਲੇ ਜਾਂਦੇ ਹਨ । ਅੰਮ੍ਰਿਤਧਾਰੀ ਮ੍ਰਿਤਕ ਦੇ ਕਕਾਰ ਇਸ਼ਨਾਨ ਸਮੇਂ ਉਸ ਤੋਂ ਵਖਰੇ ਨਹੀਂ ਕਰਨੇ ਚਾਹੀਦੇ ਅਤੇ ਜਿਥੋਂ ਤਕ ਸੰਭਵ ਹੋ ਸਕੇ ਅੰਮ੍ਰਿਤਧਾਰੀ ਹੀ ਇਸ਼ਨਾਨ ਕਰਾਉਣ ।

ਦੇਹ ਨੂੰ ਸਮਸ਼ਾਨ ਘਾਟ ਤਕ ਲਿਜਾਣ ਸਮੇਂ ਦੇਹ ਰਸਤੇ 'ਚ ਕਿਧਰੇ ਵੀ ਨਹੀਂ ਰਖਣੀ ਚਾਹੀਦੀ, ਸਗੋਂ ਸ਼ਬਦ ਕੀਰਤਨ ਕਰਦਿਆਂ ਸਿਧੀ ਸ਼ਮਸ਼ਾਨ ਘਾਟ ਲਿਜਾਣੀ ਚਾਹੀਦੀ ਹੈ । ਤੇ ਉਥੇ ਚਿੱਖਾ ਸਜਾਉਣ ਤਕ ਇਕ ਦੋ ਸਜਨ ਵਾਰੀ ਵਾਰੀ ਜਾਂ ਸਾਰੇ ਰਲ ਕੇ ਜਪੁਜੀ ਸਾਹਿਬ ਦਾ ਪਾਠ ਪ੍ਰੇਮ ਨਾਲ ਕਰਨ (ਤੇਜ਼ੀ ਨਾਲ ਜਾਂ ਵਗਾਰ ਨ ਕਟਣ) । ਪਾਠ ਦੀ ਸਮਾਪਤੀ ਉਤੇ ਚਿਖਾ ਉਤੇ ਰਖਕੇ ਸਿਰ ਵਾਲੇ ਪਾਸੇ ਖੜੋ ਕੇ ਅਰਦਾਸ ਕੀਤੀ ਜਾਵੇ ਤੇ ਅਗ ਲਗਾ ਦਿਤੀ ਜਾਏ ।

ਜਦੋਂ ਅੱਗ ਚਲ ਪਵੇ ਤਾਂ ਸਾਰੀ ਸੰਗਤ ਇਕ ਪਾਸੇ ਬੈਠ ਕੇ ਸ਼ਬਦ ਕੀਰਤਨ ਅਤੇ ਸੋਹਿਲੇ ਦਾ ਪਾਠ ਕਰਨ ਉਪਰੰਤ ਅਰਦਾਸ ਕਰਕੇ, ਸਾਰੇ ਸਜਨ ਪਿੰਡ ਜਾਂ ਸ਼ਹਿਰ ਦੇ ਨੀਯਤ ਕੀਤੇ ਗੁਰਦੁਆਰੇ ਪੁਜ ਜਾਣ ਅਤੇ ਉਥੇ ਅਲ੍ਹਾਣੀਆਂ ਦੇ ਪਾਠ ਉਪ੍ਰੰਤ ਅਰਦਾਸ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਵੇ । ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਨ ਦਾ ਪ੍ਰਬੰਧ ਸ਼ਮਸ਼ਾਨ ਘਾਟ ਜਾਣ ਤੋਂ ਪਹਿਲਾਂ ਕਰ ਲੈਣਾ ਚਾਹੀਦਾ ਹੈ । ਗੁਰਦੁਆਰਾ ਸਾਹਿਬ ਤੋਂ ਸੰਗਤ ਆਪੋ ਆਪਣੇ ਘਰ ਵਾਪਸ ਜਾਵੇ ।

ਉਸੇ ਦਿਨ ਤੋਂ ਜਾਂ ਉਸ ਤੋਂ ਅਗਲੇ ਦਿਨ ਤੋਂ ਘਰ ਵਿਚ ਸਹਿਜ ਪਾਠ ਆਰੰਭ ਕਰ ਦੇਣਾ ਚਾਹੀਦਾ ਹੈ ਜਿਸ ਨੂੰ ਘਰ ਦੇ ਜੀਅ ਰਲ ਕੇ ਰੋਜ਼ ਕਰਨ ਅਤੇ ਭੋਗ ਦਸਵੇਂ ਦਿਨ ਜਾਂ ਇਕ ਦੋ ਦਿਨ ਅਗੇ ਪਿਛੇ (ਸਬੰਧੀਆਂ ਦੀ ਸਹੂਲਤ ਅਨੁਸਾਰ) ਪਾਇਆ ਜਾਵੇ। ਮ੍ਰਿਤਕ ਦੇ ਭੋਗ ਸਮੇਂ ਕਰਨ ਅਤੇ ਨਾਂਹ ਕਰਨ ਵਾਲੇ ਕੰਮਾਂ ਬਾਰੇ ਵਿਸਥਾਰ 'ਸ਼ਰਧਾਂਜਲੀ' ਟ੍ਰੈਕਟ ਵਿਚ ਕਈ ਵਾਰ ਹਜ਼ਾਰਾਂ ਦੀ ਗਿਣਤੀ ਵਿਚ ਛਪ ਚੁਕਾ ਹੈ ।

# ਕੁਝ ਸਭਾ ਬਾਰੇ

ਗੁਰਮਤਿ ਪ੍ਰਚਾਰ ਸਭਾ ਪਹਿਲਾਂ ਰੋਪੜ ਅਤੇ ਹੁਣ ਪਟਿਆਲਾ ਵਲੋਂ ਗੁਰੂ ਕਿਰਪਾ ਸਦਕਾ, ਧਰਮ ਪ੍ਰਚਾਰ ਦੀ ਰੁਚੀ ਰਖਣ ਵਾਲੇ ਕੁਝ ਕੁ ਸਹਿਯੋਗੀਆਂ ਦੀ ਮਿਲਵਰਤਨ ਨਾਲ ਪਿਛਲੇ ਕਈ ਸਾਲਾਂ ਤੋਂ ਲਿਟ੍ਰੇਚਰ ਰਾਹੀਂ ਧਰਮ ਪ੍ਰਚਾਰ ਦੀ ਯਥਾ ਸ਼ਕਤ ਸੇਵਾ ਹੋ ਰਹੀ ਹੈ।

1. ਹਰ ਮਹੀਨੇ ਵੱਖ-ਵੱਖ ਵਿਸ਼ਿਆਂ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਟ੍ਰੈਕਟ ਛਪਵਾਏ ਜਾਂਦੇ ਹਨ ਜਿਨ੍ਹਾਂ ਨੂੰ ਧਰਮ ਪ੍ਰਚਾਰ ਦੀ ਰੁਚੀ ਰਖਣ ਵਾਲੇ ਵੀਰ-ਭੈਣਾਂ ਆਪਣੀ ਕਮਾਈ ਵਿਚੋਂ ਧਰਮ ਅਰਥ ਲਈ ਖਰਚਣ ਵਾਲੀ ਮਾਇਆ ਨਾਲ ਇਹ ਟ੍ਰੈਕਟ, ਗੁਟਕੇ ਤੇ ਪੁਸਤਕਾਂ ਮੰਗਵਾ ਕੇ ਆਪੋ ਆਪਣੇ ਆਲੇ ਦੁਆਲੇ ਵਿਚ ਮੁਫ਼ਤ ਵੰਡਣ ਦੀ ਸੇਵਾ ਕਰਦੇ ਰਹਿੰਦੇ ਹਨ।

ਸਭਾ ਦੇ ਸਹਿਯੋਗੀ ਵੱਡੇ-ਵੱਡੇ ਸਮਾਗਮਾਂ ਉਤੇ ਮੁਫ਼ਤ ਲਿਟ੍ਰੇਚਰ ਦਾ ਲੰਗਰ ਵੀ ਚਲਾਉਂਦੇ ਰਹਿੰਦੇ ਹਨ। ਇਸ ਪਾਸੇ ਰੁਚੀ ਰਖਣ ਵਾਲੇ ਸੱਜਣ ਟ੍ਰੈਕਟ 50/- ਰੁਪਏ ਸੈਂਕੜਾ (ਡਾਕ ਖ਼ਰਚ ਸਮੇਤ) ਅਤੇ ਲਾਗਤ ਮੁੱਲ ਨਾਲੋਂ ਘੱਟ ਕੀਮਤ ਉਤੇ ਮਾਇਆ ਹੇਠਲੇ ਪਤੇ ਉਤੇ ਭੇਜ ਕੇ ਮੰਗਵਾ ਸਕਦੇ ਹਨ :-

**ਗੁਰਮਤਿ ਪ੍ਰਚਾਰ ਸਭਾ**
ਸ੍. ਦੀਦਾਰ ਸਿੰਘ,
ਸੀ-੧੨੯, ਵਿਕਾਸ ਕਾਲੋਨੀ,
(ਕੌਲਾਂ ਵਾਲਾ ਟੋਭਾ) ਪਟਿਆਲਾ-147 001